# PROSPECTUS
# ਪ੍ਰਾਸਪੈਕਟਸ

DARE TO BE TRUE




## SESSION 2024-25



ਪ੍ਰੋ. ਸਤੀਸ਼ ਚੰਦਰ ਧਵਨ
(1921–2002)


# ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ
# SCD GOVERNMENT COLLEGE, LUDHIANA

E-mail: scdgovtcollege@gmail.com Website: www.scdgovtcollege.ac.in
Phone & Fax : 91-161-2448899, 2444988

# ਕਾਲਜ ਦਾ ਮਾਣ



**ਸਾਹਿਰ ਲੁਧਿਆਣਵੀ**
ਵਿਸ਼ਵ ਪ੍ਰਸਿੱਧ ਕਵੀ
ਅਤੇ ਗੀਤਕਾਰ



**ਪਦਮ ਭੂਸ਼ਣ**
**ਜਨਰਲ ਟੀ ਐੱਨ ਰੈਨਾ**
ਸਾਬਕਾ ਚੀਫ ਆਫ ਆਰਮੀ ਸਟਾਫ



**ਪਦਮ ਸ਼੍ਰੀ ਕੇਕੀ ਐੱਨ ਦਾਰੂਵਾਲਾ (ਆਈ.ਪੀ.ਐਸ.)**
ਸਾਹਿਤ ਅਦਾਦਮੀ ਪੁਰਸਕਾਰ 1984,
ਕਾਮਨਵੈਲਥ ਕਵਿਤਾ ਅਵਾਰਡ1987




**ਨਰਿੰਦਰ ਨਾਥ ਵੋਹਰਾ (ਆਈ.ਏ.ਐਸ.)**
ਸਾਬਕਾ ਗਵਰਨਰ
ਜੰਮੂ ਅਤੇ ਕਸ਼ਮੀਰ



**ਸ਼ਿਵਦੁਲਾਰ ਸਿੰਘ ਢਿੱਲੋਂ (ਆਈ.ਏ.ਐਸ.)**
ਸੈਕਟਰੀ ਕਮ ਚੀਫ ਐਗਜੀਕਿਊਟਿਵ ਸਟੇਟ
ਰੈਡ ਕਰਾਸ ਪੰਜਾਬ



**ਸੁਖਵੀਰ ਸਿੰਘ ਗਰੇਵਾਲ**
ਓਲੰਪੀਅਨ ਹਾਕੀ



**ਪਦਮ ਸ਼੍ਰੀ ਅਵਤਾਰ ਸਿੰਘ ਚੀਮਾ**
ਮਾਊਂਟ ਐਵਰੈਸਟ ਤੇ ਚੜਨ ਵਾਲਾ
ਪਹਿਲਾ ਭਾਰਤੀ



**ਤਰਨਦੀਪ ਸਿੰਘ ਗਿੱਲ**
ਲੈਫ ਕਰਨਲ
ਭਾਰਤੀ ਥਲ ਸੈਨਾ



**ਇਸ਼ੀਤਾ ਥੰਮਨ (ਆਈ.ਈ.ਐਸ.)**
ਅਸਿਸਟੈਂਟ ਡਾਇਰੈਕਟਰ (MSME)



**ਜਸਦੇਵ ਸਿੰਘ ਸੇਖੋਂ**
ਜ਼ੋਨਲ ਕਮਿਸ਼ਨਰ
ਮਿਊਂਸੀਪਲ ਕਾਰਪੋਰੇਸ਼ਨ, ਲੁਧਿਆਣਾ



**ਇੰਜ. ਰਮੇਸ਼ ਕੋਸ਼ਲ**
ਡਿਪਟੀ ਚੀਫ. ਇੰਜੀਨੀਅਰ (PSPCL)
ਲੁਧਿਆਣਾ



**ਇੰਜ. ਸਮਿਤ ਕਪਿਲਾ**
ਇੰਨਟੈਂਲ ਇੰਡੀਆ ਇੰਨਵੈਂਨਟਰ
ਆਵਰਡ 2023



**ਡਾ. ਰੁਮਾਲੀ ਭੁਟਾਨੀ**
ਮਾਲਤੀ ਗਿਆਨਪੀਠ ਪੁਰਸਕਾਰ ਅਤੇ
ਸਿੱਖਿਆ ਰਤਨ ਅਵਾਰਡ



**ਡਾ. ਦਿਲਪ੍ਰੀਤ ਕੌਰ**
ਅੱਸੋਸੀਏਟ ਪ੍ਰੋਫੈਸਰ ਆਈ ਆਈ ਟੀ
ਜੋਧਪੁਰ



**ਡਾ. ਪਵਨੀਤ ਕੌਰ**
ਅਸਿਸਟੈਂਟ ਪ੍ਰੋਫੈਸਰ ਸਟੇਟ ਯੂਨੀ:
ਕੈਲੇਫੋਰਨੀਆ (ਅਮਰੀਕਾ)



**ਰਿਤੂ ਮਾਰਿਆ**
ਐਡੀਟਰ ਇਨ ਚੀਫ ਮੀਡੀਆ
(APAC)



**ਨਿਹਾਲ ਵਢੇਰਾ**
ਰਣਜੀ ਟਰਾਫੀ ਅਤੇ
ਆਈ ਪੀ ਐਲ



**ਕੰਵਰ ਗੁਰਬਾਜ ਸਿੰਘ**
ਫੀਬਾ 3 x 3 ਏਸ਼ੀਆ ਕੱਪ
(ਬਾਸਕਟਬਾਲ)



**ਐਡਵੋਕੇਟ ਪਰਮਵੀਰ ਸਿੰਘ**
ਵਾਈਸ ਚੇਅਰਮੈਨ ਪੰਜਾਬ ਮੀਡੀਆ
ਇੰਡਸਟਰੀ ਡਿਵੈਲਪਮੈਂਟ ਬੋਰਡ



**ਉਚਿਤ ਸੱਗੜ**
ਫਲਾਇੰਗ ਪਾਇਲਟ
ਭਾਰਤੀ ਵਾਯੂ ਸੈਨਾ

# ਕਾਲਜ ਦੇ ਚਮਕਦੇ ਸਿਤਾਰੇ



**ਤਨੀਸ਼ਾ**
ਐਮ.ਏ. (ਅਰਥ ਸ਼ਾਸਤਰ)
ਸਮੈਸਟਰ-4
ਪਹਿਲਾ ਸਥਾਨ (ਪੀ.ਯੂ)



**ਚਾਰਵੀ ਬਹਿਲ**
ਐਮ.ਕਾਮ. (ਬੀ.ਆਈ)
ਸਮੈਸਟਰ-4
ਪਹਿਲਾ ਸਥਾਨ (ਪੀ.ਯੂ)



**ਸਿਮਰਨਜੀਤ ਸਿੰਘ**
ਐਮ. ਐਸ ਸੀ. (ਫਿਜ਼ਿਕਸ)
ਸਮੈਸਟਰ-4
ਪਹਿਲਾ ਸਥਾਨ (ਪੀ.ਯੂ)



**ਅਨੂ ਰਾਣੀ ਜਿੰਦਲ**
ਐਮ. ਐਸ ਸੀ. (ਗਣਿਤ)
ਸਮੈਸਟਰ-4
ਪਹਿਲਾ ਸਥਾਨ (ਪੀ.ਯੂ)



**ਸਨੇਹਾ ਪਾਠਕ**
ਐਮ. ਐਸ ਸੀ. (ਕਮਿਸਟਰੀ)
ਸਮੈਸਟਰ-4
ਪਹਿਲਾ ਸਥਾਨ (ਪੀ.ਯੂ)



**ਸ਼ਬਨਮ**
ਐਮ.ਏ. (ਅੰਗਰੇਜੀ)
ਸਮੈਸਟਰ-4
ਦੂਜਾ ਸਥਾਨ (ਪੀ.ਯੂ)



**ਯੋਗਿਤਾ ਜੈਨ**
ਐਮ.ਏ. (ਅਰਥ ਸ਼ਾਸਤਰ)
ਸਮੈਸਟਰ-4
ਦੂਜਾ ਸਥਾਨ (ਪੀ.ਯੂ)



**ਅਦਿਤੀ ਸ਼ਰਮਾਂ**
ਐਮ.ਕਾਮ. (ਬੀ.ਆਈ.)
ਸਮੈਸਟਰ-4
ਦੂਜਾ ਸਥਾਨ (ਪੀ.ਯੂ)



**ਗੁਰਜਾਪ ਕੌਰ**
ਐਮ.ਐਸ ਸੀ. (ਕਮਿਸਤਰੀ)
ਸਮੈਸਟਰ-4
ਦੂਜਾ ਸਥਾਨ (ਪੀ.ਯੂ)



**ਸੁਨੀਲ ਕੁਮਾਰ**
ਐਮ.ਏ. (ਅੰਗਰੇਜੀ)
ਯੂ.ਜੀ.ਸੀ. ਨੇਟ
ਦਸੰਬਰ -2023



**ਤਰਨਜੋਤ ਸਿੰਘ**
ਬੀ.ਏ. ਸਮੈਸਟਰ-ਦੂਜਾ
ਪਹਿਲਾ ਸਥਾਨ ਕਲਾਸੀਕਲ ਡਾਂਸ
ਜ਼ੋਨਲ ਯੂਥ ਫੈਸਟੀਵਲ



**ਸਵੀਮਨ ਕੁਮਾਰੀ**
ਬੀ.ਐਸ ਸੀ. ਸਮੈਸਟਰ-ਚੌਥਾ
ਪਹਿਲਾ ਸਥਾਨ ਕਰੋਸ਼ੀਆ
ਜ਼ੋਨਲ ਯੂਥ ਫੈਸਟੀਵਲ



**ਸੁਖਮਨ ਕੌਰ**
ਐਮ.ਏ. (ਅੰਗਰੇਜੀ) ਸਮੈਸਟਰ-ਦੂਜਾ
ਪਹਿਲਾ ਸਥਾਨ ਗਿੱਧਾ
ਇੰਟਰ ਜ਼ੋਨਲ ਯੂਥ ਫੈਸਟੀਵਲ



**ਗੁਰਜੀਤ ਸਿੰਘ**
ਬੀ.ਏ. ਸਮੈਸਟਰ-ਚੋਥਾ
ਪਹਿਲਾ ਸਥਾਨ ਭੰਗੜਾ
ਜ਼ੋਨਲ ਯੂਥ ਫੈਸਟੀਵਲ



**ਹਰਵਿੰਦਰ ਕੌਰ**
ਬੀ.ਐਸ ਸੀ. ਸਮੈਸਟਰ-ਚੌਥਾ
ਪਹਿਲਾ ਸਥਾਨ ਨਾਲਾ ਬੁਣਨਾ
ਜ਼ੋਨਲ ਯੂਥ ਫੈਸਟੀਵਲ



**ਮੁਨੀਸ਼ ਕੁਮਾਰ**
ਬੀ.ਏ. ਸਮੈਸਟਰ-ਛੇਵਾਂ
ਪਹਿਲਾ ਸਥਾਨ ਇੰਡੀਅਨ ਆਰਕੈਸਟਰਾ
ਜ਼ੋਨਲ ਯੂਥ ਫੈਸਟੀਵਲ



**ਅੰਮ੍ਰਿਤਪਾਲ ਸਿੰਘ**
ਬੀ.ਏ. ਸਮੈਸਟਰ-ਛੇਵਾਂ
ਪਹਿਲਾ ਸਥਾਨ ਪ੍ਰਕਸ਼ਨ
ਜ਼ੋਨਲ ਯੂਥ ਫੈਸਟੀਵਲ



**ਹਰਮਨਪ੍ਰੀਤ ਸਿੰਘ ਹੁੰਝਣ**
ਬੀ.ਏ. ਸਮੈਸਟਰ-ਛੇਵਾਂ
ਪਹਿਲਾ ਸਥਾਨ ਰੱਸਾ ਵੱਟਣਾ
ਜ਼ੋਨਲ ਯੂਥ ਫੈਸਟੀਵਲ



**ਵੰਸ਼ਿਕਾ**
ਐਮ.ਏ. ਅੰਗਰੇਜੀ ਸਮੈਸਟਰ-ਦੂਜਾ
ਪਹਿਲਾ ਸਥਾਨ ਅੱਲੋਕਸ਼ਨ
ਜ਼ੋਨਲ ਯੂਥ ਫੈਸਟੀਵਲ



**ਅਜੀਮ ਪ੍ਰਤਾਪ ਸਿੰਘ**
ਬੀ.ਸੀ.ਏ. ਸਮੈਸਟਰ-ਚੌਥਾ
ਪਹਿਲਾ ਸਥਾਨ ਲੇਖ ਰਚਨਾ
ਜ਼ੋਨਲ ਯੂਥ ਫੈਸਟੀਵਲ



**ਪ੍ਰਭਸਿਮਰਨ ਸਿੰਘ**
ਬੀ.ਏ. ਸਮੈਸਟਰ-ਦੂਜਾ
ਪਹਿਲਾ ਸਥਾਨ ਗਰੁੱਪ ਸ਼ਬਦ
ਜ਼ੋਨਲ ਯੂਥ ਫੈਸਟੀਵਲ



**ਪੂਜਾ ਸ਼ਰਮਾ**
ਬੀ.ਐਸ ਸੀ. ਸਮੈਸਟਰ-ਛੇਵਾਂ
ਪਹਿਲਾ ਸਥਾਨ ਕ੍ਰਾਸ ਸਟਿੱਚ
ਜ਼ੋਨਲ ਯੂਥ ਫੈਸਟੀਵਲ



**ਨਵੇਤਾ ਹਰਲੋਵਲੀਨ**
ਬੀ.ਐਸ ਸੀ. ਸਮੈਸਟਰ-ਛੇਵਾਂ
ਪਹਿਲਾ ਸਥਾਨ ਕਾਰਟੂਨਿੰਗ
ਜ਼ੋਨਲ ਯੂਥ ਫੈਸਟੀਵਲ



**ਨਵੀਨ ਕੁਮਾਰ ਪਾਠਕ**
ਐਂਡਵਾਸ ਲੀਡਰਸ਼ਿਪ ਕੈਂਪ
ਡੇਹਰਾਦੂਨ ਵਿਖੇ
ਭਾਗ ਲਿਆ



**ਪ੍ਰਭਕੰਵਲ ਸਿੰਘ**
ਆਲ ਇੰਡੀਆ ਵਾਯੂ ਸੈਨਿਕ ਕੈਂਪ
ਬੈਂਗਲੋਰ ਵਿਖੇ ਭਾਗ
ਲਿਆ



**ਜਸਜੋਧ ਸਿੰਘ**
ਇਕਲੋਤਾ ਵਾਲੀਵਾਲ ਖਿਡਾਰੀ ਜਿਸਨੇ
ਭਾਰਤ ਦੀ ਪ੍ਰਤੀਨਿਧਤਾ ਵਰਲਡ ਯੂਨੀ.
ਖੇਡਾਂ ਚੀਨ ਵਿਚ ਕੀਤੀ



**ਕੁਲਵੀਰ ਰਾਮ**
ਸੋਨ ਤਗਮਾ 200 ਮੀਟਰ
(ਪੀ.ਯੂ ਇੰਟਰ ਕਾਲਜ)



**ਅਜੇਪਾਲ ਸਿੰਘ**
ਸੋਨ ਤਮਗਾ ਕੁਸ਼ਤੀ
(ਪੀ.ਯੂ ਇੰਟਰ ਕਾਲਜ)



**ਰਾਮਦੂਰ ਸਿੰਘ**
ਚਾਂਦੀ ਤਗਮਾ 100 ਮੀਟਰ
(ਪੀ.ਯੂ ਇੰਟਰ ਕਾਲਜ)



# ਪ੍ਰਿੰਸੀਪਲ ਦੀ ਕਲਮ ਤੋਂ...

ਪਿਆਰੇ ਵਿਦਿਆਰਥੀ ਅਤੇ ਸਤਿਕਾਰਯੋਗ ਮਾਪੇ,

ਨਵੀਂ–ਸ਼ੁਰੂਆਤ ਨਵੀਆਂ ਉਮੀਦਾਂ ਜਗਾਉਂਦੀ ਹੈ। ਐਸ.ਸੀ. ਡੀ ਸਰਕਾਰੀ ਕਾਲਜ ਲੁਧਿਆਣਾ ਵਿਚ ਦਾਖਲ ਹੁੰਦੇ ਹੀ ਤੁਹਾਨੂੰ ਇਕ ਵਿਆਪਕ ਅਤੇ ਬੌਧਿਕ ਤੌਰ ਤੇ ਅਨੁਕੂਲ ਮਾਹੌਲ ਦਾ ਅਨੁਭਵ ਹੋਵੇਗਾ। ਦੇਸ਼ ਇਕ ਅਜਿਹੀ ਪੀੜ੍ਹੀ ਦੀ ਕਲਪਨਾ ਕਰਦਾ ਹੈ ਜਿਸ ਵਿਚ ਮਜ਼ਬੂਤ ਬੁਨਿਆਦੀ ਯੋਗਤਾਵਾਂ ਹੋਣ ਅਤੇ ਨੌਜਵਾਨ ਨਵੀਨਤਾਕਾਰੀ ਸੋਚ ਦੇ ਧਾਰਨੀ ਹੋਣ। ਐਸ.ਸੀ.ਡੀ ਸਰਕਾਰੀ ਕਾਲਜ ਲੁਧਿਆਣਾ ਦੀ ਆਪਣੀ ਇਕ ਅਮੀਰ ਵਿਰਾਸਤ ਹੈ ਅਤੇ ਅਸੀ ਆਪਣੇ ਵਿਦਿਆਰਥੀਆਂ ਨੂੰ ਨਾ ਸਿਰਫ ਅਕਾਦਮਿਕ ਖੇਤਰ ਵਿਚ ਵਧਣ ਫੁਲਣ ਦੇ ਯੋਗ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਸਗੋਂ ਉਨ੍ਹਾਂ ਨੂੰ ਚਰਿੱਤਰ ਨਿਰਮਾਣ, ਸਖ਼ਸ਼ੀਅਤ ਵਿਕਾਸ ਵੱਲ ਵਧਣ ਲਈ ਪ੍ਰੇਰਿਤ ਕਰਦੇ ਹਾਂ ਅਤੇ ਅਸੀਂ ਆਸ ਕਰਦੇ ਹਾਂ ਕਿ ਸਾਡੇ ਵਿਦਿਆਰਥੀ ਅਕਾਦਮਿਕ ਪ੍ਰਦਰਸ਼ਨ, ਸਹਿ ਪਾਠਕ੍ਰਮ ਭਾਗੀਦਾਰੀ ਅਤੇ ਜਿੰਮੇਵਾਰ ਨਾਗਰਿਕਤਾ ਦੇ ਸਬੰਧ ਵਿੱਚ ਉੱਚ ਪੱਧਰ ਦੀ ਪ੍ਰੰਪਰਾ ਨੂੰ ਵੀ ਕਾਇਮ ਰੱਖਣਗੇ।

ਨਵੀਂ ਸਿੱਖਿਆ ਨੀਤੀ 2020 ਦੇ ਤਹਿਤ ਸਾਨੂੰ ਹੋਰ ਨਵੀਆਂ ਉਚਾਈਆਂ ਵੱਲ ਵਧਣ ਦਾ ਮੌਕਾ ਮਿਲੇਗਾ। ਵਿਸ਼ਵ ਦੀ ਨਿਰੰਤਰ ਵਿਕਸਿਤ ਹੋ ਰਹੀ ਵਿਗਿਆਨਕਤਾ ਅਤੇ ਤਕਨੀਕੀ ਗਤੀਸ਼ੀਲਤਾ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਵਿਸ਼ਵ ਦੇ ਹਾਣ ਦਾ ਬਣਾਈਏ। ਅਸੀ ਆਪਣੇ ਵਿਦਿਆਰਥੀਆਂ ਵਿਚ ਅਥਾਹ ਮਨੁੱਖੀ ਸਰੋਤ ਦੀ ਵਰਤੋਂ ਕਰਨ ਵਿੱਚ ਮਦਦ ਕਰਨ ਲਈ ਵਚਨਬੱਧ ਹਾਂ ਅਤੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਉਨ੍ਹਾਂ ਦੀਆਂ ਯੋਗਤਾਵਾਂ ਨੂੰ ਸਹੀ ਢੰਗ ਨਾਲ ਅਤੇ ਪੂਰੀ ਸੰਭਵ ਹੱਦ ਤੱਕ ਵਰਤਿਆ ਜਾਵੇ।

ਮੈਨੂੰ ਭਰੋਸਾ ਹੈ ਕਿ ਸਾਡੇ ਵਿਦਿਆਰਥੀਆਂ, ਸਟਾਫ਼, ਮਾਪਿਆਂ, ਸਾਬਕਾ ਵਿਦਿਆਰਥੀਆਂ/ ਐਲੂਮੀਨਾਈ ਸ਼ੁਭਚਿੰਤਕਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਅਸੀਂ ਦੇਸ਼ ਦੀ ਸੇਵਾ ਕਰਦੇ ਰਹਾਂਗੇ।

ਰੱਬ ਸਾਨੂੰ ਸਾਰਿਆਂ ਨੂੰ ਬਰਕਤ ਦੇਵੇ!

**ਪ੍ਰੋ.(ਡਾ) ਤਨਵੀਰ ਲਿਖਾਰੀ**

ਪ੍ਰਿੰਸੀਪਲ

# ਵਿਸ਼ਾ ਸੂਚੀ


| | | |
|---|---|---|
| 1. | ਕਾਲਜ ਦੀ ਜਾਣ-ਪਹਿਚਾਣ (ਸਤੀਸ਼ ਚੰਦਰ ਧਵਨ, ਸਰਕਾਰੀ ਕਾਲਜ, ਲੁਧਿਆਣਾ) | 2 |
| 2. | ਦਰਸ਼ਨ, ਟੀਚਾ ਅਤੇ ਆਦਰਸ਼ | 4 |
| 3. | ਸਵੇਰ ਦੇ ਕਾਲਜ ਵਿੱਚ ਚੱਲ ਰਹੇ ਕੋਰਸਾਂ ਦਾ ਵੇਰਵਾ | 5 |
| 4. | ਸੀਟਾਂ ਦਾ ਵੇਰਵਾ | 6 |
| 5. | ਸ਼ਾਮ ਦਾ ਕਾਲਜ (ਕੇਵਲ ਬੀ.ਏ. ਨੌਕਰੀ ਪੇਸ਼ਾ ਲੜਕਿਆਂ ਲਈ) | 10 |
| 6. | ਸੀਟਾਂ ਦਾ ਵੇਰਵਾ | 10 |
| 7. | ਦਾਖਲੇ ਦੇ ਨਿਯਮ (ਸਵੇਰੇ ਦਾ ਕਾਲਜ ਅਤੇ ਸ਼ਾਮ ਦਾ ਕਾਲਜ) | 11 |
| 8. | ਦਾਖਲਾ ਫਾਰਮ ਭਰਨ ਸਮੇਂ ਵਿਸ਼ੇਸ਼ ਧਿਆਨ ਰੱਖਣ ਯੋਗ ਗੱਲਾਂ | 14 |
| 9. | ਰਾਖਵੀਆਂ ਸੀਟਾਂ ਦਾ ਵੇਰਵਾ (Reservation Policy) ਤੇ ਦਿਸ਼ਾ ਨਿਰਦੇਸ਼ | 15 |
| 10. | ਫੀਸ ਮੁਆਫ਼ੀ | 16 |
| 11. | ਵਜ਼ੀਫੇ | 16 |
| 12. | ਸਹੂਲਤਾਂ | 17 |
| 13. | ਰੋਲ ਆਫ਼ ਆਨਰ / ਕਾਲਜ ਕਲਰ / ਮੈਰਿਟ ਸਰਟੀਫਿਕੇਟ | 19 |
| 14. | ਸਪੈਸ਼ਲ ਅਵਾਰਡ ਅਤੇ ਇਨਾਮ | 21 |
| 15. | ਕਾਲਜ ਫੈਕਲਟੀ ਅਤੇ ਅਮਲਾ | 24 |
| 16. | ਵਿਦਿਆਰਥੀਆਂ ਲਈ ਅਤਿ ਜ਼ਰੂਰੀ ਹਦਾਇਤਾਂ | 29 |
| 17. | ਹਾਜ਼ਰੀਆਂ / ਛੁੱਟੀਆਂ / ਮੁੜ-ਦਾਖਲਾ | 29 |
| 18. | ਸਹਿ-ਅਕਾਦਮਿਕ ਗਤੀਵਿਧੀਆਂ | 30 |
| 19. | ਹੋਸਟਲ ਦੇ ਨਿਯਮ | 32 |
| 20. | ਅਨੁਲੱਗ (Annexures) | 33 |

# ਕਾਲਜ ਦੀ ਜਾਣ-ਪਹਿਚਾਣ



ਇੰਪੀਰੀਅਲ ਕਾਲਜ ਲੁਧਿਆਣਾ ਦੇ ਨਾਮ ਨਾਲ ਸ਼ੁਰੂ ਹੋਈ ਅਤੇ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਦੇ ਨਾਮ ਨਾਲ ਜਾਣੀ ਜਾਂਦੀ, ਇਹ ਉੱਤਰੀ ਭਾਰਤ ਦੀ ਇੱਕ ਨਾਮਵਰ ਸੰਸਥਾ ਹੈ। ਇਸਦਾ ਗੌਰਵਮਈ ਇਤਿਹਾਸ ਇਸ ਦੇ ਗੁਣਵੱਤਾ ਭਰਪੂਰ ਹੋਣ ਦੀ ਗਵਾਹੀ ਭਰਦਾ ਹੈ। 1920 ਵਿੱਚ ਅੰਗਰੇਜ਼ੀ ਰਾਜ ਸਮੇਂ ਸਥਾਪਤ ਹੋਇਆ ਇਹ ਕਾਲਜ ਆਪਣੇ ਸੀਨੇ ਵਿੱਚ ਅਨੇਕ ਸੁਨਹਿਰੀ ਪਰਤਾਂ ਸੰਭਾਲੀ ਬੈਠਾ ਹੈ। ਸ਼ੁਰੂ ਦੇ ਪਹਿਲੇ ਸਾਲਾਂ ਦੌਰਾਨ ਅੰਗਰੇਜ਼ ਪ੍ਰਿੰਸੀਪਲ ਏ.ਸੀ.ਸੀ. ਹਾਰਵੇ ਜਿਨ੍ਹਾਂ ਨੇ 1927 ਤੋਂ 1942 ਤੱਕ 15 ਸਾਲ ਇਸ ਕਾਲਜ ਦੇ ਨਿਰਮਾਣ ਅਤੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਯੂ.ਜੀ.ਸੀ.ਨੈਕ ਤੋਂ 'ਏ' ਗਰੇਡ ਪ੍ਰਾਪਤ ਇਸ ਸੰਸਥਾ ਦੀ ਨਿਰੰਤਰ ਵਹਿ ਰਹੀ ਵਿੱਦਿਅਕ ਧਾਰਾ ਵਿੱਚ ਲੱਖਾਂ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਚੁੱਕੇ ਹਨ। ਇਹਨਾਂ ਵਿੱਚੋਂ ਬਹੁਤਿਆਂ ਨੇ ਰਾਜ ਅਤੇ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਅਤੇ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਭਾਰਤ ਨੂੰ ਪੁਲਾੜ ਵਿੱਚ ਰਾਕਟ ਤਕਨੀਕ ਦੇ ਖੇਤਰ ਵਿੱਚ ਬੁਲੰਦੀਆਂ ਤੇ ਪਹੁੰਚਾਉਣ ਵਾਲਾ ਮਹਾਨ ਸਾਇੰਸਦਾਨ ਸਤੀਸ਼ ਚੰਦਰ ਧਵਨ ਇਸੇ ਹੀ ਕਾਲਜ ਦੀ ਮਾਣਮੱਤੀ ਦੇਣ ਸੀ। 1976 ਵਿੱਚ ਪੰਜਾਬ ਸਰਕਾਰ ਨੇ ਇਸ ਮਹਾਨ ਸਖਸ਼ੀਅਤ ਦੇ ਨਾਂ ਤੇ ਹੀ ਇਸ ਕਾਲਜ ਦਾ ਨਾਂ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਰੱਖ ਦਿੱਤਾ ਸੀ। ਉਰਦੂ ਦੇ ਮਸ਼ਹੂਰ ਸ਼ਾਇਰ ਸਾਹਿਰ ਲੁਧਿਆਣਵੀ ਵੀ ਇਸੇ ਹੀ ਕਾਲਜ ਦੇ ਚਮਕਦੇ ਸਿਤਾਰੇ ਰਹੇ ਹਨ। ਇਨ੍ਹਾਂ ਦੀ ਯਾਦ ਨੂੰ ਸਮਰਪਿਤ ਕਾਲਜ ਦਾ ਮੁੱਖ ਹਾਲ ਸਾਹਿਰ ਆਡੀਟੋਰੀਅਮ ਨਾਲ ਜਾਣਿਆ ਜਾਂਦਾ ਹੈ।

ਸਤੀਸ਼ ਚੰਦਰ ਧਵਨ ਅਤੇ ਸਾਹਿਰ ਲੁਧਿਆਣਵੀ ਵਾਂਗ ਇਸ ਕਾਲਜ ਨੇ ਹੋਰ ਕਈ ਕਰਿਸ਼ਮਈ ਅਤੇ ਮਹਾਨ ਸਖ਼ਸ਼ੀਅਤਾਂ ਨੂੰ ਤਰਾਸ਼ਿਆ ਹੈ, ਜਿਨ੍ਹਾਂ ਨੇ ਆਪਣੇ ਸਮੇਂ ਦੌਰਾਨ ਅਜਿਹੇ ਪ੍ਰਭਾਵਸ਼ਾਲੀ ਕੰਮ ਕੀਤੇ ਜੋ ਕਿ ਦੇਸ਼ ਦੇ ਵਿਕਾਸ ਵਿੱਚ ਮੀਲ ਦਾ ਪੱਥਰ ਸਾਬਤ ਹੋਏ। ਕਾਲਜ ਨੂੰ ਬਹੁਤ ਫ਼ਖ਼ਰ ਹੈ ਕਿ ਇਸ ਨੇ ਕੌਮਾਂਤਰੀ ਪੱਧਰ ਦੇ ਸ਼੍ਰੀ ਹਰਕਿਸ਼ਨ ਲਾਲ ਵਰਗੇ ਕਲਾਕਾਰ, ਸ਼੍ਰੀ ਕੇ.ਕੀ. ਦਾਰੂਵਾਲਾ ਵਰਗੇ ਕਵੀ, ਭਾਰਤੀ ਫ਼ੌਜਾਂ ਨੂੰ ਸੇਧ ਦੇਣ ਵਾਲੇ ਮਹਾਨ ਜਨਰਲ ਟੀ.ਐਨ. ਰੈਨਾ ਅਤੇ ਮੇਜਰ ਜਨਰਲ ਹਿੰਮਤ ਸਿੰਘ ਗਿੱਲ ਵਰਗੇ ਸੈਨਿਕ ਅਫ਼ਸਰ, ਸੁਪਰੀਮ ਕੋਰਟ ਦੇ ਰਹਿ ਚੁੱਕੇ ਜੱਜ ਏ.ਡੀ.ਕੌਸ਼ਲ, ਜ਼ਸਟਿਸ ਜੇ.ਐਸ.ਨਾਰੰਗ, ਸ਼੍ਰੀ ਐਨ.ਐਨ. ਵੋਰਹਾ (ਜੰਮੂ ਕਸ਼ਮੀਰ ਦੇ ਗਵਰਨਰ), ਸ. ਮਨੋਹਰ ਸਿੰਘ ਗਿੱਲ (ਸਾਬਕਾ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰ), ਸ. ਸਵਰਨ ਸਿੰਘ ਬੋਪਾਰਾਏ, ਸ਼੍ਰੀ ਜਵਤੇਸ਼ ਮੈਣੀ, ਸ਼੍ਰੀ ਐਨ.ਐਮ. ਜੈਨ., ਸ਼੍ਰੀ ਵਰਿੰਦਰ ਸਿੱਬਲ, ਸ਼੍ਰੀ ਵਿਨੋਦ ਮਿੱਤਲ, ਸ਼੍ਰੀ ਐਸ.ਕੇ. ਗੋਇਲ (ਆਈ.ਆਰ.ਐਸ) ਸ਼੍ਰੀ ਨਰੇਸ਼ ਕੁਮਾਰ ਯੁਤਸ਼ੀ ਵਰਗੇ ਨਿਆਇਕ ਅਤੇ ਪ੍ਰਬੰਧਕੀ ਮਾਹਿਰ, ਸ. ਕੇ.ਪੀ.ਐਸ ਗਿੱਲ (ਸਾਬਕਾ ਡੀ.ਜੀ.ਪੀ.), ਸ. ਜ਼ੋਗਿੰਦਰ ਸਿੰਘ, ਸ਼੍ਰੀ ਬੀ.ਐਸ. ਓਝਾ ਅਤੇ ਸ. ਗੁਰਦਰਸ਼ਨ ਸਿੰਘ ਵਰਗੇ ਪੁਲਿਸ ਅਫ਼ਸਰ, ਦੇਵਿੰਦਰ ਸਿੰਘ ਗਰਚਾ, ਸ. ਗੁਰਚਰਨ ਸਿੰਘ ਗਾਲਿਬ, ਸ. ਹਰਿੰਦਰ ਸਿੰਘ ਖਾਲਸਾ, ਸ. ਜਗਦੇਵ ਸਿੰਘ ਜੱਸੋਵਾਲ, ਸ. ਬਲਵੰਤ ਸਿੰਘ

ਰਾਮੂੰਵਾਲੀਆ, ਸ਼੍ਰੀ ਭਾਰਤ ਭੂਸ਼ਣ ਆਸ਼ੂ ਸਾਬਕਾ ਕੈਬਨਿਟ ਮੰਤਰੀ ਪੰਜਾਬ, ਸ. ਮਹੇਸ਼ਇੰਦਰ ਸਿੰਘ ਗਰੇਵਾਲ, ਸ਼੍ਰੀ ਹਰੀਸ਼ ਰਾਏ ਢਾਂਡਾ, ਸ਼. ਬਿਕਰਮਜੀਤ ਸਿੰਘ ਖਾਲਸਾ, ਸ. ਕੁਲਦੀਪ ਸਿੰਘ ਵੈਦ, ਪ੍ਰੋ. ਰਾਜਿੰਦਰ ਭੰਡਾਰੀ, ਆਦਿ ਵਰਗੇ ਸਮਾਜਿਕ ਅਤੇ ਰਾਜਨੀਤਿਕ ਆਗੂ, ਮਾਊਂਟ ਐਵਰੈਸਟ ਵਿਜੇਤਾ ਅਵਤਾਰ ਸਿੰਘ ਚੀਮਾ, ਨਾਮਵਰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਦੇ ਖਿਡਾਰੀ ਓਲੰਪੀਅਨ ਜਗਦੇਵ ਸਿੰਘ, ਸ. ਸੱਜਣ ਸਿੰਘ ਚੀਮਾ, ਸ. ਮਨਮੋਹਨ ਸਿੰਘ, ਉਲੰਪੀਅਨ ਸ. ਸੁਖਬੀਰ ਸਿੰਘ ਗਰੇਵਾਲ, ਸ. ਇਕਬਾਲਜੀਤ, ਸ. ਜਗਦੀਪ ਅਤੇ ਅੰਤਰ ਰਾਸ਼ਟਰੀ ਕ੍ਰਿਕਟਰ ਯਸ਼ਪਾਲ ਸ਼ਰਮਾ ਵਰਗੀਆਂ ਅਨੇਕਾਂ ਮਹਾਨ ਸ਼ਖਸ਼ੀਅਤਾਂ ਇਸ ਕਾਲਜ ਦੀ ਧਰੋਹਰ ਹਨ।

ਐਸ.ਸੀ.ਡੀ. ਸਰਕਾਰੀ ਕਾਲਜ, ਲਧਿਆਣਾ ਨੇ ਇਸ ਸ਼ਹਿਰ ਵਿੱਚ ਸਥਾਪਨਾ ਦੇ ਵਰ੍ਹੇ ਤੋਂ ਲੈ ਕੇ ਹੁਣ ਤੱਕ ਤਕਰੀਬਨ ਇੱਕ ਸਦੀ ਦੇ ਸਫ਼ਰ ਦੌਰਾਨ ਭਾਰਤ ਦੇ ਅਕਾਦਮਿਕ ਨਕਸ਼ੇ ਤੇ ਵੱਖ-ਵੱਖ ਖੇਤਰਾਂ ਜਿਵੇਂ ਆਰਟਸ, ਸੱਭਿਆਚਾਰ, ਖੇਡਾਂ, ਵਣਜ, ਪ੍ਰਬੰਧ, ਵਿਗਿਆਨ ਅਤੇ ਬਿਜ਼ਨੈਸ ਇਨੋਵੇਸ਼ਨਜ਼ ਵਿੱਚ ਵਿਲੱਖਣ ਸਥਾਨ ਬਣਾਇਆ ਹੈ। ਇਸ ਕਾਲਜ ਨੇ ਆਪਣੀ ਸਮਰੱਥਾ, ਟੀਮ ਭਾਵਨਾ ਅਤੇ ਸਿੱਖਿਆ ਪ੍ਰਤਿਬੱਧਤਾ ਸਦਕਾ ਇੱਕ ਨਵੀਂ ਮਿਸਾਲ ਕਾਇਮ ਕੀਤੀ ਹੈ। ਕਾਲਜ ਦੀ ਅਕਾਦਮਿਕ ਟੀਮ ਦੀ ਡੂੰਘੀ ਸੋਚ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਇਸ ਕਾਲਜ ਨੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ ਅਤੇ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਤਲਖ਼ ਤਜ਼ਰਬਿਆ ਦਾ ਮੁਕਾਬਲਾ ਕਰਨ ਸਮਰੱਥ ਬਣਾਇਆ ਹੈ। ਇਸ ਕਾਲਜ ਦੇ ਮੋਢੀ ਪ੍ਰਿੰਸੀਪਲ ਸ਼੍ਰੀ ਮਨਮੋਹਨ ਤੋਂ ਲੈ ਕੇ ਹੁਣ ਤੱਕ 42 ਪ੍ਰਿੰਸੀਪਲਾਂ ਨੇ ਇਸ ਨੂੰ ਪ੍ਰਬੰਧਕੀ ਅਤੇ ਅਕਾਦਮਿਕ ਸੇਧ ਪ੍ਰਦਾਨ ਕੀਤੀ ਹੈ। ਮੌਜੂਦਾ ਪ੍ਰਿੰਸੀਪਲ **ਡਾ. ਤਨਵੀਰ ਲਿਖਾਰੀ** ਜੀ ਦੀ ਰਹਿਨੁਮਾਈ ਤਹਿਤ ਕਾਲਜ ਅੱਜ ਨਵੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਇਸ ਕਾਲਜ ਦੇ ਅਧਿਆਪਕ ਉਚ ਪੱਧਰੀ ਉਪਲਬਧੀਆਂ ਦੇ ਮਾਲਕ ਹਨ। 21ਵੀਂ ਸਦੀ ਦੇ ਅਜੋਕੇ ਯੁੱਗ ਵਿੱਚ ਆਪਣੇ ਵਿਦਿਆਰਥੀਆਂ ਨੂੰ ਵਿਸ਼ਵੀਕਰਣ ਦੇ ਤਲਖ਼ ਤਜਰਬਿਆਂ ਅਤੇ ਚਣੌਤੀਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾਉਣ ਹਿੱਤ ਕਾਲਜ ਨੇ ਵਿਸ਼ੇਸ਼ ਉਪਰਾਲੇ ਕੀਤੇ ਹਨ। ਇਨ੍ਹਾਂ ਉਪਰਾਲਿਆਂ ਵਿੱਚ ਰੋਜ਼ਗਾਰ ਅਤੇ ਕਿੱਤਾਮੁਖੀ ਕੋਰਸਾਂ ਨੂੰ ਸ਼ੁਰੂ ਕਰਨਾ, ਇੰਡਸਟਰੀ-ਇੰਸਟੀਚਿਊਟ ਤਾਲਮੇਲ (Industry-Institute Interface) ਰਾਂਹੀ ਵਿਦਿਆਰਥੀਆਂ ਨੂੰ ਰੋਜ਼ਗਾਰ ਦੇ ਸਾਧਨ ਪ੍ਰਦਾਨ ਕਰਨਾ, ਵਿਦਿਆਰਥੀਆਂ ਅੰਦਰ ਸਕਿੱਲ ਡਿਵੈਲਪਮੈਂਟ ਤੇ ਜ਼ੋਰ ਦੇਣਾ ਆਦਿ ਪ੍ਰਮੁੱਖ ਹਨ। ਇਨ੍ਹਾਂ ਉਪਰਾਲਿਆਂ ਦੀ ਪੂਰਤੀ ਲਈ ਕਾਲਜ ਵਿੱਚ 11 ਵਿਸ਼ਿਆਂ ਵਿੱਚ ਪੋਸਟ ਗਰੈਜੂਏਸ਼ਨ (ਪੰਜਾਬੀ, ਹਿੰਦੀ, ਅੰਗਰੇਜ਼ੀ, ਹਿਸਾਬ, ਭੂਗੋਲ, ਕਾਮਰਸ, ਅਰਥ ਸ਼ਾਸਤਰ, ਐਮ.ਐਸ.ਸੀ. ਭੌਤਿਕ ਵਿਗਿਆਨ, ਐਮ.ਐਸ ਸੀ. ਕੈਮਿਸਟਰੀ, ਅਤੇ ਐਮ.ਐਸ ਸੀ. ਸੂਚਨਾ ਤਕਨੋਲੋਜੀ), ਪੰਜ ਖੇਤਰਾਂ - ਸਾਇੰਸ (ਮੈਡੀਕਲ ਅਤੇ ਨਾਨ-ਮੈਡੀਕਲ), ਕਾਮਰਸ, ਬਿਜਨੈਸ ਐਡਮਿਨਿਸਟ੍ਰੇਸ਼ਨ, ਕੰਪਿਊਟਰ ਐਪਲੀਕੇਸ਼ਨਜ਼ ਅਤੇ ਆਰਟਸ ਵਿੱਚ ਗਰੈਜੂਏਸ਼ਨ ਦੀ ਪੜ੍ਹਾਈ ਉਪਲੱਬਧ ਹੈ।

ਇਸ ਸੰਸਥਾ ਵਿੱਚ ਸ਼ਾਮ ਦਾ ਕਾਲਜ ਵੀ ਚੱਲ ਰਿਹਾ ਹੈ ਜੋ ਕਿ ਨੌਕਰੀ ਪੇਸ਼ਾ ਅਤੇ ਲੋੜਵੰਦ ਵਿਦਿਆਰਥੀਆਂ ਲਈ ਗਰੈਜੂਏਸ਼ਨ ਪੱਧਰ ਦੀ ਪੜ੍ਹਾਈ ਦਾ ਸੁਚੱਜਾ ਪ੍ਰਬੰਧ ਕਰਦਾ ਹੈ। ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਧਿਆਨ 'ਚ ਰੱਖਦੇ ਹੋਏ ਇੱਥੇ ਸੱਭਿਆਚਾਰਕ ਗਤੀਵਿਧੀਆਂ, ਐਨ.ਸੀ.ਸੀ., ਐਨ.ਐਸੱ.ਐਸੱ. ਯੁਵਕ ਸੇਵਾਵਾਂ ਅਤੇ ਖੇਡਾਂ ਆਦਿ ਦਾ ਉਚੱ ਪਧਰੀ ਪ੍ਰਬੰਧ ਹੈ। ਜਿਸਦੇ ਸਿੱਟੇ ਵਜੋਂ ਕਾਲਜ ਦੇ ਹੋਣਹਾਰ ਵਿਦਿਆਰਥੀ ਇਹਨਾਂ ਖੇਤਰਾਂ ਵਿੱਚ ਅਨੇਕਾਂ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ ਦੇ ਇਨਾਮ-ਸਨਮਾਨ ਪ੍ਰਾਪਤ ਕਰਦੇ ਹਨ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਨੇ ਹਿੰਦੀ ਵਿਭਾਗ ਵਿੱਚ ਖੋਜ ਕੇਂਦਰ ਸਥਾਪਿਤ ਕਰਕੇ ਮਾਨਤਾ ਪ੍ਰਦਾਨ ਕੀਤੀ ਹੋਈ ਹੈ। ਸੰਖੇਪ ਵਿੱਚ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲਧਿਆਣਾ ਗਤੀਵਿਧੀਆਂ ਦਾ ਇੱਕ ਅਜਿਹਾ ਮੰਦਿਰ ਹੈ ਜਿੱਥੇ "**ਸੱਚ ਬੋਲਣ ਦਾ ਜੇਰਾ ਕਰ**" **(DARE TO BE TRUE)** ਨੈਤਿਕ ਕਦਰਾਂ-ਕੀਮਤਾਂ ਤੇ ਅਧਾਰਿਤ ਸਿੱਖਿਆ (Value Base Education) ਪ੍ਰਦਾਨ ਕਰਕੇ ਨਵੇਂ ਕੀਰਤੀਮਾਨ ਸਥਾਪਿਤ ਕਰਨ ਅਤੇ ਭਵਿੱਖ ਦੀ ਕਾਰਜ ਪ੍ਰਣਾਲੀ ਦੀ ਰੂਪ-ਰੇਖਾ ਤੈਅ ਕਰਨ ਦੀ ਜ਼ਿੰਮੇਵਾਰੀ ਦਾ ਅਸਲ ਤੌਰ ਤੇ ਅਹਿਸਾਸ ਕਰਵਾਇਆ ਜਾਂਦਾ ਹੈ। ਸਾਡਾ ਮੂਲ ਮੰਤਵ ਬਹੁਤ ਘੱਟ ਮੁੱਲ ਤੇ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਦੇ ਨਾਲ-ਨਾਲ ਉਹਨਾਂ ਨੂੰ ਰੋਜ਼ਗਾਰ ਉਪਯੋਗੀ ਵੀ ਬਣਾਇਆ ਜਾ ਸਕੇ ਤਾਂ ਕਿ ਉਹ ਰਾਸ਼ਟਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਅ ਸਕਣ।

## ਦਰਸ਼ਨ (Vision)

ਗਿਆਨ ਅਤੇ ਵਿਦਿਆ ਰਾਹੀਂ ਸਮਾਜ ਅਤੇ ਜੀਵਨ ਵਿੱਚ ਗੁਣਾਤਮਕ ਤਬਦੀਲੀ ਕਰਨਾ।

## ਟੀਚਾ (Mission)

ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਦਾ ਟੀਚਾ ਵਿਦਿਆਰਥੀਆਂ ਵਿੱਚ ਸਿੱਖਣ ਦੀ ਕਲਾ ਅਤੇ ਦੂਜਿਆਂ ਦੇ ਸਤਿਕਾਰ ਦੇ ਨਾਲ-ਨਾਲ ਦੇਸ਼ ਦੀ ਅਖੰਡਤਾ / ਵਿਭਿੰਨਤਾ ਨੂੰ ਸਵੀਕਾਰਨਾ ਅਤੇ ਉਤੱਮਤਾ ਨੂੰ ਪਾਉਣ ਦੇ ਜਨੂੰਨ ਨੂੰ ਪੈਦਾ ਕਰਨਾ ਹੈ। ਅਸੀਂ ਅਜਿਹਾ ਸਮਾਜ ਉਤਪੰਨ ਕਰਦੇ ਹਾਂ ਜਿਸ ਵਿੱਚ ਹਰ ਕੋਈ ਯੋਗਤਾ, ਵਿਸ਼ਵਾਸ ਅਤੇ ਚਰਿੱਤਰ ਦਾ ਨਿਰਮਾਣ ਕਰਦਾ ਹੈ। ਸਾਡਾ ਸਿੱਖਣ ਦਾ ਵਾਤਾਵਰਣ ਜਮਾਤ ਤੋਂ ਬਾਹਰ ਅਤੇ ਅੰਦਰ ਵਿਦਿਆਰਥੀਆਂ ਵਿੱਚ ਰਚਨਾਤਮਕ ਅਤੇ ਬਹੁਪੱਖੀ ਸਖ਼ਸ਼ੀਅਤ ਦਾ ਵਿਕਾਸ ਕਰਦਾ ਹੈ ਜਿਸ ਕਰਕੇ ਉਹ ਬਿਨ੍ਹਾਂ ਕਿਸੇ ਡਰ ਤੋਂ ਆਪਣੇ ਵਿਚਾਰ ਪੇਸ਼ ਕਰਦੇ ਹਨ, ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿੰਦੇ ਹਨ ਅਤੇ ਕਾਲਜ ਦੇ ਆਦਰਸ਼, "ਸੱਚ ਬੋਲਣ ਦਾ ਜੇਰਾ ਕਰ" (DARE TO BE TRUE) ਦੇ ਸਿਧਾਂਤ ਤੇ ਜਿਉਂਦੇ ਹਨ।

## ਆਦਰਸ਼ (Motto)

**DARE TO BE TRUE**

**ਸੱਚ ਬੋਲਣ ਦਾ ਜੇਰਾ ਕਰ**

ਸੱਚ ਬੋਲਣ ਤੋਂ ਭਾਵ ਸਦਗੁਣਾਂ ਦਾ ਵਿਕਾਸ ਕਰਕੇ ਮਾਨਵਤਾ ਦੀ ਸ਼ਿਖਰ ਤੇ ਪਹੁੰਚਣਾ ਹੈ।

# ਸਵੇਰ ਦੇ ਕਾਲਜ ਵਿੱਚ ਚੱਲ ਰਹੇ ਕੋਰਸਿਜ਼ ਦਾ ਵੇਰਵਾ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲ ਸਬੰਧਤ ਇਸ ਕਾਲਜ ਵਿੱਚ ਸਮੈਸਟਰ ਪ੍ਰਣਾਲੀ ਅਧੀਨ ਹੇਠ ਲਿਖੇ ਕੋਰਸ ਚੱਲਦੇ ਹਨ :-

## ਗਰੈਜੂਏਟ ਪੱਧਰ (Graduation Level) Pass Course

(ੳ) ਬੈਚੂਲਰ ਆਫ ਆਰਟਸ

(ਅ) ਬੈਚੂਲਰ ਆਫ਼ ਕਾਮਰਸ ਅਤੇ ਆਨਰਜ਼

(ੲ) ਬੈਚੂਲਰ ਆਫ਼ ਸਾਇੰਸ (ਮੈਡੀਕਲ ਅਤੇ ਨਾਨ-ਮੈਡੀਕਲ)

(ਸ) ਬੈਚੂਲਰ ਆਫ਼ ਬਿਜਨੈਸ ਐਡਮਿਨਿਸਟ੍ਰੇਸ਼ਨ (ਸੈਲਫ ਫਾਇਨਾਂਸ ਸਕੀਮ ਦੇ ਅਧੀਨ)

(ਹ) ਬੈਚੂਲਰ ਆਫ਼ ਕੰਪਿਊਟਰ ਐਪਲੀਕੇਸ਼ਨਜ਼ (ਸੈਲਫ ਫਾਇਨਾਂਸ ਸਕੀਮ ਦੇ ਅਧੀਨ)

**(ਬੀ.ਏ. ਵਿੱਚ ਆਨਰਜ਼ ਅਤੇ ਕੰਪਿਊਟਰ ਸਾਇੰਸ ਵੀ ਉਪਲਬਧ ਹੈ)**

## ਪੋਸਟ-ਗਰੈਜੂਏਟ ਪੱਧਰ (Post-Graduate Level)

1. ਐਮ.ਏ. (ਪੰਜਾਬੀ)
2. ਐਮ.ਏ. (ਹਿੰਦੀ)
3. ਐਮ.ਏ. (ਅੰਗਰੇਜ਼ੀ)
4. ਐਮ.ਏ. (ਇਕਨਾਮਿਕਸ)
5. ਐਮ.ਐਸ ਸੀ. (ਗਣਿਤ)
6. ਐਮ.ਏ. (ਭੂਗੋਲ)
7. ਐਮ. ਕਾਮ
8. ਐਮ. ਕਾਮ (ਬਿਜ਼ਨੈਸ ਇਨੋਵੇਸ਼ਨਜ਼)
9. ਐਮ.ਐਸ ਸੀ. (ਆਈ.ਟੀ.) (ਸੈਲਫ ਫਾਇਨਾਂਸ ਸਕੀਮ ਦੇ ਅਧੀਨ)
10. *ਐਮ.ਐਸ ਸੀ. (ਫਿਜ਼ਿਕਸ) (ਸੈਲਫ ਫਾਇਨਾਂਸ ਸਕੀਮ ਦੇ ਅਧੀਨ)
11. *ਐਮ.ਐਸ ਸੀ. (ਕਮਿਸਟਰੀ) (ਸੈਲਫ ਫਾਇਨਾਂਸ ਸਕੀਮ ਦੇ ਅਧੀਨ)

## ਸਕਿਲ ਔਰੀਐਂਟਿਡ ਸਰਟੀਫਿਕੇਟ ਕੋਰਸਿਜ਼ (ਜਗਤ ਗੁਰੂ ਨਾਨਕ ਦੇਵ ਓਪਨ ਸਟੇਟ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ)

(i) ਸਰਟੀਫਿਕੇਟ ਕੋਰਸ ਇਨ ਬਿਜ਼ਨਸ ਐਟੀਕੇਟ ਅਤੇ ਪ੍ਰੋਫੈਸ਼ਨਲਇਜ਼ਮ

(ii) ਸਰਟੀਫਿਕੇਟ ਕੋਰਸ ਕੰਪਊਟਰ ਏਡਿਡ ਐਕਾਂਉਟਿੰਗ

(iii) ਸਰਟੀਫਿਕੇਟ ਕੋਰਸ ਇਨ ਕ੍ਰਿਏਟਿਵ ਰਾਈਟਿੰਗ ਅਤੇ ਕੌਨਟੈਂਟ ਡਿਵੈਲਪਮੈਂਟ

(iv) ਸਰਟੀਫਿਕੇਟ ਕੋਰਸ ਇਨ ਪ੍ਰੋਗਰਾਮ ਇਨ ਜੀ.ਐਸ.ਟੀ. ਐਪਲੀਕੇਸ਼ਨ

* ਇਹਨਾਂ ਕਲਾਸਾ ਵਿੱਚ ਦਾਖਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ CETPG ਦੇ ਰਾਂਹੀ ਹੋਵੇਗਾ।

**ਪ੍ਰਵੇਸ਼ ਪ੍ਰੀਖਿਆ ਵਿੱਚ ਪਾਸ ਰੈਂਕ ਧਾਰਕਾਂ ਨੂੰ ਤਰਜੀਹ ਦਿੱਤੀ ਜਾਵੇਗੀ। 50% ਵੇਟੇਜ ਪ੍ਰੇਵਸ਼ ਪ੍ਰੀਖਿਆ ਦੇ ਅੰਕਾਂ ਨੂੰ ਅਤੇ 50% ਵੇਟੇਜ ਯੋਗਤਾ ਪ੍ਰੀਖਿਆ (B.Sc.) ਵਿੱਚ ਸਕੋਰ ਨੂੰ ਦਿੱਤਾ ਜਾਵੇਗਾ। ਇੱਕ ਵਾਰ ਸੂਚੀ ਖਤਮ ਹੋਣ ਤੋਂ ਬਾਅਦ, ਦਾਖਲੇ ਯੂਨੀਵਰਸਿਟੀ ਦੀਆਂ ਹਦਾਇਤਾਂ ਦੇ ਤਹਿਤ ਮੈਰਿਟ (B.Sc. ਵਿੱਚ ਪ੍ਰਾਪਤ ਅੰਕਾਂ) ਦੇ ਆਧਾਰ ਤੇ ਹੋਣਗੇ।**

# ਵੱਖ-ਵੱਖ ਕਲਾਸਾਂ/ਕੋਰਸਾਂ ਵਿੱਚ ਸੀਟਾਂ ਦਾ ਵੇਰਵਾ

## ਸਵੇਰ ਦੇ ਕਾਲਜ ਦੇ ਕੋਰਸ

| ਲੜੀ ਨੰ | ਕਲਾਸ/ਵਿਸ਼ਾ | ਵੇਰਵਾ | ਸੀਟਾਂ |
|---|---|---|---|
| 1. | ਬੀ.ਏ.-1 | ਸਿਰਫ ਲੜਕੇ | 480 |
| | **ਵਿਸ਼ਾਵਾਰ ਸੀਟਾਂ ਦਾ ਵੇਰਵਾ:**<br>ਬੀ.ਏ.-1 ਅੰਗਰੇਜੀ (ਚੋਣਵੀਂ)<br>ਬੀ.ਏ.-1 ਹਿੰਦੀ (ਚੋਣਵੀਂ)<br>ਬੀ.ਏ.-1 ਪੰਜਾਬੀ (ਚੋਣਵੀਂ) | | <br>80<br>80<br>160 |
| | ਬੀ.ਏ.-1 ਲੋਕ ਪ੍ਰਸ਼ਾਸਨ | | 80 |
| | ਬੀ.ਏ.-1 ਸਮਾਜ ਸ਼ਾਸਤਰ | | 70 |
| | ਬੀ.ਏ.-1 ਮਨੋਵਿਗਿਆਨ | | 40 |
| | ਬੀ.ਏ.-1 ਸੰਸਕ੍ਰਿਤ | | 30 |
| | ਬੀ.ਏ.-1 ਭੂਗੋਲ | | 60 |
| | ਬੀ.ਏ.-1 ਇਤਿਹਾਸ | | 320 |
| | ਬੀ.ਏ.-1 ਰਾਜਨੀਤੀ ਸ਼ਾਸਤਰ | | 240 |
| | ਬੀ.ਏ.-1 ਸਰੀਰਕ ਸਿੱਖਿਆ | | 240 |
| | ਬੀ.ਏ.-1 ਅਰਥ ਸ਼ਾਸਤਰ | | 140 |
| | ਬੀ.ਏ.-1 ਸੰਗੀਤ (ਇੰਸਟਰੁਮੈਂਟਲ) | | 60 |
| | ਬੀ.ਏ.-1 ਗਣਿਤ | | 40 |
| | ਬੀ.ਏ.-1 ਕੰਪਿਊਟਰ | | 10 |
| 2. | ਬੀ.ਕਾਮ. - 1 | ਸਿਰਫ ਲੜਕੇ | 140 |

| | | | |
|---|---|---|---|
| 3. | ਬੀ.ਐਸ-ਸੀ. (ਮੈਡੀਕਲ) -1 | ਲੜਕੇ ਅਤੇ ਲੜਕੀਆਂ | 160 |
| 4. | ਬੀ.ਐਸ-ਸੀ (ਨਾਨ-ਮੈਡੀਕਲ) - 1 | ਲੜਕੇ ਅਤੇ ਲੜਕੀਆਂ | 240 |
| 5. | ਐਮ.ਕਾਮ - 1 | ਲੜਕੇ ਅਤੇ ਲੜਕੀਆਂ | 40 |
| 6. | ਐਮ.ਕਾਮ. (ਬਿਜਨੈਸ ਇਨੋਵੇਸ਼ਨਜ਼) - 1 | ਲੜਕੇ ਅਤੇ ਲੜਕੀਆਂ | 40 |
| 7. | ਐਮ.ਏ. ਪੰਜਾਬੀ - 1 | ਲੜਕੇ ਅਤੇ ਲੜਕੀਆਂ | 60 |
| 8. | ਐਮ.ਏ. ਹਿੰਦੀ - 1 | ਲੜਕੇ ਅਤੇ ਲੜਕੀਆਂ | 60 |
| 9. | ਐਮ.ਏ. ਅੰਗਰੇਜ਼ੀ - 1 | ਲੜਕੇ ਅਤੇ ਲੜਕੀਆਂ | 120 |
| 10. | ਐਮ.ਏ. ਭੂਗੋਲ - 1 | ਲੜਕੇ ਅਤੇ ਲੜਕੀਆਂ | 40 |
| 11. | ਐਮ.ਏ. ਇਕਨਾਮਿਕਸ - 1 | ਲੜਕੇ ਅਤੇ ਲੜਕੀਆਂ | 120 |
| 12. | ਐਮ.ਐਸ-ਸੀ. ਗਣਿਤ - 1 | ਲੜਕੇ ਅਤੇ ਲੜਕੀਆਂ | 60 |
| | **ਸੈਲਫ ਫਾਇਨਾਂਸ ਕੋਰਸਿਜ਼** | | |
| 13. | ਬੀ.ਬੀ.ਏ. - 1 | ਸਿਰਫ ਲੜਕੇ | 40 |
| 14. | ਬੀ.ਸੀ.ਏ. - 1 | ਸਿਰਫ ਲੜਕੇ | 40 |
| 15. | ਐਮ.ਐਸ-ਸੀ. (ਆਈ.ਟੀ.) - 1 | ਲੜਕੇ ਅਤੇ ਲੜਕੀਆਂ | 30 |
| 16. | ਐਮ.ਐਸ-ਸੀ. (ਕਮਿਸਟਰੀ) - 1 | ਲੜਕੇ ਅਤੇ ਲੜਕੀਆਂ | 40 |
| 17. | ਐਮ.ਐਸ-ਸੀ. (ਫਿਜ਼ਿਕਿਸ) - 1 | ਲੜਕੇ ਅਤੇ ਲੜਕੀਆਂ | 40 |
| 18. | ਬੀ.ਕਾਮ - I (ਸ਼ਾਮ ਦੀ ਸ਼ਿਫਟ) | ਸਿਰਫ ਲੜਕੇ | 70 |
| 19. | ਬੀ.ਸੀ.ਏ - I (ਸ਼ਾਮ ਦੀ ਸ਼ਿਫਟ) | ਸਿਰਫ ਲੜਕੇ | 40 |

* ਪ੍ਰਸਤਾਵਿਤ ਕੋਰਸ ਜਿਹੜੇ ਪੰਜਾਬ ਯੂਨੀਵਰਸਿਟੀ ਦੁਆਰਾ ਪ੍ਰਾਵਨਗੀ ਮਿਲਣ ਉਪਰੰਤ ਸ਼ੁਰੂ ਕੀਤੇ ਜਾਣਗੇ (2024-25)

| | | | |
|---|---|---|---|
| 20. | ਬੀ.ਬੀ.ਏ (ਬਿਜਨੈੱਸ ਇਨੋਵੇਸ਼ਨਜ਼ ਅਤੇ ਐਂਟਰਪ੍ਰੋਨਸ਼ਿਪ) | ਸਿਰਫ ਲੜਕੇ | 40 |
| 21. | ਬੀ.ਏ. (ਆਨਰਜ਼) ਜਰਨਿਲਿਜ਼ਮ ਮੀਡੀਆ ਸਟੱਡੀਜ਼ ਨਾਲ | ਸਿਰਫ ਲੜਕੇ | 40 |
| 22. | ਬੀ.ਬੀ.ਏ. (ਹਸਪਤਾਲ ਮੈਨੇਜਮੈਂਟ) | ਸਿਰਫ ਲੜਕੇ | 40 |
| 23. | ਬੀ.ਬੀ.ਏ. (ਬੈਂਕਿੰਗ ਫਾਈਨੈਂਸ਼ਲ ਸਰਵਿਸਿਜ਼ ਅਤੇ ਇੰਸੋਰੈਂਸ) (ਸ਼ਾਮ ਦੀ ਸ਼ਿਫਟ) | ਸਿਰਫ ਲੜਕੇ | 40 |
| 24. | ਬੀ.ਐਸ ਸੀ. (ਲੋਜਿਜ਼ਟਿਕਸ ਅਤੇ ਸਪਲਾਈ ਚੇਨ ਮੈਂਨੇਜਮੈਂਟ ਜਾਂ<br>ਬੀ.ਬੀ.ਏ. (ਲੋਜਿਸਟਿਕਸ ਅਤੇ ਸਪਲਾਈ ਚੇਨ ਮੈਂਨੇਜਮੈਂਟ) (ਸ਼ਾਮ ਦੀ ਸ਼ਿਫਟ) | ਸਿਰਫ ਲੜਕੇ | 40 |
| 25. | ਪੋਸਟ ਗਰੈਜੂਏਟ ਡਿਪਲੋਮਾ ਇਨ ਰੇਡੀਓ ਜੋਕਿੰਗ (ਸ਼ਾਮ ਦੀ ਸ਼ਿਫਟ) | ਸਿਰਫ ਲੜਕੇ | 40 |
| 26. | ਬੀ.ਐਸ ਸੀ. (ਇਵੈਂਟ ਮੈਨੇਜਮੈਂਟ) (ਸ਼ਾਮ ਦੀ ਸ਼ਿਫਟ) | ਸਿਰਫ ਲੜਕੇ | 40 |

# ਸਵੇਰ ਦਾ ਕਾਲਜ

## ਦਾਖਲੇ ਸਬੰਧੀ ਪਾਤਰਤਾ ਦੇ ਨਿਯਮ:

ਕਾਲਜ ਦੇ ਵੱਖ-ਵੱਖ ਕੋਰਸਾਂ ਵਿੱਚ ਦਾਖਲੇ ਸਬੰਧੀ ਯੋਗਤਾ ਦੇ ਨਿਯਮ ਅਤੇ ਪੰਜਾਬ ਯੂਨੀਵਰਸਿਟੀ ਦੀ ਵੈਬਸਾਈਟ **admission.puchd.ac.in** ਅਤੇ ਕਾਲਜ ਦੀ ਵੈਬੱਸਾਈਟ **www.scdgovtcollege.ac.in** ਤੇ ਦੇਖੇ ਜਾ ਸਕਦੇ ਹਨ

## ਬੀ.ਏ. ਸਮੈਸਟਰ ਪਹਿਲਾ

**ਵਿਸ਼ਿਆਂ ਦੀ ਚੋਣ: ਵਿਦਿਆਰਥੀਆ ਦੀ ਜਾਣਕਾਰੀ ਲਈ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹਨਾਂ ਵਿਸ਼ਿਆਂ ਦੀ ਚੋਣ ਪੂਰੀ ਤਰ੍ਹਾਂ ਆਰਜ਼ੀ ਹੈ। ਦਾਖਲਾ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਇਹ ਵਿਸ਼ੇ ਸੀਟਾਂ ਦੀ ਉਪਲਬਧੀ ਦੇ ਆਧਾਰ ਤੇ ਬਦਲੇ ਵੀ ਜਾ ਸਕਦੇ ਹਨ।**

**ਲਾਜ਼ਮੀ ਵਿਸ਼ੇ :**

1. ਲਾਜ਼ਮੀ ਪੰਜਾਬੀ
   ਜਾਂ
   ਪੰਜਾਬ ਦਾ ਇਤਿਹਾਸ ਤੇ ਸਭਿਆਚਾਰ / ਪੰਜਾਬ ਹਿਸਟਰੀ ਐਂਡ ਕਲਚਰ

   **ਸ਼ਰਤਾਂ: (ਸਿਰਫ ਪੰਜਾਬ ਦਾ ਇਤਿਹਾਸ ਤੇ ਸਭਿਆਚਾਰ / ਪੰਜਾਬ ਹਿਸਟਰੀ ਐਂਡ ਕਲਚਰ ਲਈ)**

(ੳ) ਜੋ ਵਿਦਿਆਰਥੀ ਪਿਛਲੇ 10 ਸਾਲਾਂ ਤੋਂ ਪੰਜਾਬ ਤੋਂ ਬਾਹਰ ਰਹਿੰਦਾ ਰਿਹਾ ਹੋਵੇ।
(ਅ) ਜੋ ਵਿਦਿਆਰਥੀ ਪੰਜਾਬ ਦਾ ਵਾਸੀ ਨਹੀਂ ਹੈ ਅਤੇ ਉਸਨੇ ਦਸਵੀਂ ਦਾ ਇਮਤਿਹਾਨ ਪੰਜਾਬ ਤੋਂ ਬਾਹਰੋਂ ਪਾਸ ਕੀਤਾ ਹੈ।
(ੲ) ਸੁਰੱਖਿਆ ਮਹਿਕਮੇ ਅਤੇ ਕੇਂਦਰ ਸਰਕਾਰ ਦੇ ਮੁਲਾਜਮਾਂ ਦੇ ਬੱਚੇ।
(ਸ) ਵਿਦੇਸ਼ੀ ਵਿਦਿਆਰਥੀ।

2. ਲਾਜ਼ਮੀ ਅੰਗਰੇਜ਼ੀ
3. ਵਾਤਾਵਰਣ, ਸੜਕ ਸੁਰੱਖਿਆ, ਔਰਤਾਂ ਅਤੇ ਬੱਚਿਆਂ ਉਤੇ ਅੱਤਿਆਚਾਰ ਅਤੇ ਨਸ਼ਿਆਂ ਸਬੰਧੀ ਸਿੱਖਿਆ।

**ਚੋਣਵੇਂ ਵਿਸ਼ੇ :**

ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਕੋਈ ਤਿੰਨ ਵਿਸ਼ੇ ਬਤੌਰ ਚੋਣਵੇਂ ਵਿਸ਼ਿਆਂ ਦੀ ਚੋਣ ਕਰਨੀ ਹੋਵੇਗੀ। ਚੋਣ ਕਰਦੇ ਸਮੇਂ ਹੇਠ ਲਿਖੇ ਕਿਸੇ ਇਕ ਗਰੁਪ ਵਿਚੋਂ ਕੇਵਲ ਇਕ ਵਿਸ਼ਾ ਹੀ ਲਿਆ ਜਾਵੇ।

| ਗਰੁੱਪ 1 | ਗਰੁੱਪ 2 | ਗਰੁੱਪ 3 | ਗਰੁੱਪ 4 | ਗਰੁੱਪ 5 |
|---|---|---|---|---|
| ਚੋਣਵੀਂ ਪੰਜਾਬੀ /<br>ਚੋਣਵੀਂ ਹਿੰਦੀ /<br>ਚੋਣਵੀਂ ਅੰਗਰੇਜ਼ੀ | ਅਰਥ ਸ਼ਾਸਤਰ /<br>ਕੰਪਿਊਟਰ ਸਾਇੰਸ /<br>ਸਮਾਜ ਸ਼ਾਸਤਰ | ਇਤਿਹਾਸ /<br>ਹਿਸਾਬ /<br>ਸੰਗੀਤ ਵਾਦਨ | ਸੰਸਕ੍ਰਿਤ /<br>ਸਰੀਰਕ ਸਿੱਖਿਆ /<br>ਮਨੋਵਿਗਿਆਨ / ਭੂਗੋਲ | ਰਾਜਨੀਤੀ<br>ਸ਼ਾਸਤਰ /<br>ਲੋਕ ਪ੍ਰਸ਼ਾਸਨ |

**ਜ਼ਰੂਰੀ ਨੋਟ :**

1. ਹਿਸਾਬ ਵਿਸ਼ਾ ਰੱਖਣ ਦੀ ਆਗਿਆ ਤਾਂ ਹੀ ਮਿਲ ਸਕੇਗੀ ਜੇ ਉਮੀਦਵਾਰ ਨੇ ਇਹ ਵਿਸ਼ਾ ਹੇਠਲੀ ਜਮਾਤ ਵਿੱਚ ਪੜ੍ਹਿਆ ਹੋਵੇ।
2. ਕੰਪਿਊਟਰ ਸਾਇੰਸ ਕੇਵਲ ਉਹ ਵਿਦਿਆਰਥੀ ਲੈ ਸਕਦੇ ਹਨ ਜਿਨ੍ਹਾਂ ਨੇ 10+2 ਵਿੱਚ ਸਾਇੰਸ, ਕਾਮਰਸ, ਅਰਥ ਸ਼ਾਸਤਰ, ਹਿਸਾਬ ਜਾਂ ਕੰਪਿਊਟਰ ਵਿਸ਼ੇ ਪੜ੍ਹੇ ਹੋਣ।

**ਵਿਸ਼ਾ ਬਦਲਣਾ :**

ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦਾਖਲਾ ਫਾਰਮ ਭਰਨ ਵੇਲੇ ਧਿਆਨ ਨਾਲ ਵਿਸ਼ਿਆ ਦੀ ਚੋਣ ਕਰਨ। ਆਮ ਕਰਕੇ ਬਾਅਦ ਵਿੱਚ ਵਿਸ਼ਾ ਬਦਲਣ ਦੀ ਆਗਿਆ ਨਹੀਂ ਹੋਵੇਗੀ। ਕੇਵਲ ਵਿਸ਼ੇਸ਼ ਸ਼ਰਤਾਂ ਵਿੱਚ (ਟਾਈਮ ਟੇਬਲ ਵਿੱਚ ਕਲੈਸ਼ ਜਾਂ ਯੋਗਤਾ ਦੇ ਆਧਾਰ ਤੇ ) ਹੀ ਦਾਖਲੇ ਦੀ ਅੰਤਿਮ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਵਿਸ਼ਾ ਬਦਲਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਬੀ.ਏ. ਭਾਗ ਦੂਜਾ ਅਤੇ ਤੀਜਾ ਵਿੱਚ ਵਿਸ਼ਾ ਬਦਲਣ ਦੀ ਬਿਲਕੁਲ ਆਗਿਆ ਨਹੀਂ ਹੈ।

## ਬੀ.ਏ./ਬੀ.ਕਾਮ. ਆਨਰਜ਼

ਬੀ.ਏ./ਬੀ.ਕਾਮ. ਭਾਗ ਦੂਜਾ ਅਤੇ ਤੀਜਾ ਵਿੱਚ ਵਿਦਿਆਰਥੀ ਆਨਰਜ਼ ਰੱਖ ਸਕਦੇ ਹਨ। ਉਸ ਲਈ ਸਬੰਧਤ ਵਿਸ਼ੇ ਵਿੱਚੋਂ ਬੀ.ਏ. ਭਾਗ ਪਹਿਲਾ ਵਿੱਚੋਂ 50 ਪ੍ਰਤੀਸ਼ਤ ਨੰਬਰ ਹੋਣੇ ਜ਼ਰੂਰੀ ਹਨ। ਹਰ ਵਿਭਾਗ ਵਿੱਚ ਆਨਰਜ਼ ਦੀਆਂ ਸੀਟਾਂ ਨਿਸ਼ਚਿਤ ਹਨ। ਹੇਠ ਲਿਖੇ ਵਿਸ਼ਿਆਂ ਵਿੱਚ ਆਨਰਜ਼ ਦੀ ਵਿਵਸਥਾ ਹੈ :

**ਅੰਗਰੇਜ਼ੀ, ਅਰਥ ਸ਼ਾਸਤਰ, ਇਤਿਹਾਸ ਅਤੇ ਕਾਮਰਸ**

## ਬੀ.ਐਸ ਸੀ. ਸਮੈਸਟਰ ਪਹਿਲਾ

**ਲਾਜ਼ਮੀ ਵਿਸ਼ੇ :** (1) ਲਾਜ਼ਮੀ ਪੰਜਾਬੀ

ਜਾਂ

ਪੰਜਾਬ ਦਾ ਇਤਿਹਾਸ ਤੇ ਸਭਿਆਚਾਰ (ਨਿਯਮਾਂ ਅਨੁਸਾਰ)

(2) ਵਾਤਾਵਰਣ, ਸੜਕ ਸੁਰੱਖਿਆ, ਔਰਤਾਂ ਅਤੇ ਬੱਚਿਆਂ ਉਤੇ ਅੱਤਿਆਚਾਰ ਅਤੇ ਨਸ਼ਿਆਂ ਸਬੰਧੀ ਸਿੱਖਿਆ।

**ਚੋਣਵੇਂ ਵਿਸ਼ੇ :**

**(ੳ) ਮੈਡੀਕਲ :**

(1) ਕੈਮਿਸਟਰੀ, ਬਾਟਨੀ, ਜ਼ੁਆਲੋਜੀ

(2) ਕੈਮਿਸਟਰੀ, ਬਾਟਨੀ, ਇੰਡਸਟਰੀਅਲ ਮਾਈਕਰੋਬਾਓਲੋਜੀ

(3) ਕੈਮਿਸਟਰੀ, ਜ਼ੁਆਲੋਜੀ, ਇੰਡਸਟਰੀਅਲ ਮਾਈਕਰੋਬਾਓਲੋਜੀ

**(ਅ) ਨਾਨ-ਮੈਡੀਕਲ :**

ਕੈਮਿਸਟਰੀ / ਕੰਪਿਊਟਰ ਸਾਇੰਸ, ਫਿਜਿਕਸ ਅਤੇ ਗਣਿਤ

## ਬੀ.ਐਸ ਸੀ. ਸਮੈਸਟਰ ਤੀਜਾ

**ਲਾਜ਼ਮੀ ਵਿਸ਼ਾ :**

ਅੰਗਰੇਜ਼ੀ (ਕੇਵਲ ਬੀ.ਐਸ ਸੀ. ਤੀਜੇ ਸਮੈਸਟਰ ਲਈ)

**ਨੋਟ:-**

- **ਸਵੇਰ ਦੇ ਕਾਲਜ ਵਿੱਚ ਬੀ.ਏ. / ਬੀ.ਐਸ.ਸੀ. (ਮੈਡੀਕਲ ਅਤੇ ਨਾਨ-ਮੈਡੀਕਲ) ਵਿੱਚ ਕੰਪਿਊਟਰ ਸਾਇੰਸ ਦੀਆਂ ਕੁੱਲ 40 (ਬੀ.ਏ. 10 + ਬੀ.ਐਸ ਸੀ 30) ਸੀਟਾਂ ਹਨ । ਬੀ.ਐਸ ਸੀ ਮੈਡੀਕਲ ਵਿੱਚ ਇੰਡਸਟਰੀਅਲ ਮਾਈਕਰੋਬਾਓਲੋਜੀ ਦੀਆਂ ਕੁੱਲ 30 ਸੀਟਾਂ ਹਨ।**
- ਬੀ.ਕਾਮ.(ਪਾਸ ਕੋਰਸ ਅਤੇ ਆਨਰਜ਼), ਬੀ.ਸੀ.ਏ., ਬੀ.ਬੀ.ਏ. ਅਤੇ ਸਾਰੀਆਂ ਪੋਸਟ-ਗਰੈਜੂਏਟ ਕਲਾਸਾਂ ਦੇ ਵਿਸ਼ੇ ਪੰਜਾਬ ਯੂਨੀਵਰਸਿਟੀ ਦੇ ਸਿਲੇਬਸ ਅਨੁਸਾਰ ਹੋਣਗੇ।
- **ਜੇਕਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਵਿਸ਼ਿਆਂ ਸਬੰਧੀ ਨਿਯਮਾਂ ਵਿੱਚ ਕੋਈ ਵੀ ਤਬਦੀਲੀ ਕੀਤੀ ਜਾਂਦੀ ਹੈ, ਤਾਂ ਉਹ ਕਾਲਜ ਵਿੱਚ ਲਾਗੂ ਹੋਵੇਗੀ।**
- ਸਾਰੀਆਂ ਗਰੈਜੂਏਟ ਕਲਾਸਾਂ ਅਤੇ ਪੋਸਟ-ਗਰੈਜੂਏਟ ਕਲਾਸਾਂ ਦੇ ਵਿਸ਼ੇ ਅਤੇ ਸਿਲੇਬਸ ਪੰਜਾਬ ਯੂਨੀਵਰਸਿਟੀ ਦੀ ਹੇਠ ਲਿਖੀ ਵੈਬਸਾਈਟ 'ਤੇ ਦੇਖੇ ਜਾ ਸਕਦੇ ਹਨ :-

**www.puchd.ac.in**

**ਜ਼ਰੂਰੀ ਨੋਟ:**

**ਉੱਪਰ ਦੱਸੇ ਸਾਰੇ ਕੋਰਸਾਂ ਵਿੱਚ ਦਾਖਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ/ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤਾ ਜਾਵੇਗਾ ਅਤੇ ਯੂਨੀਵਰਸਿਟੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਪੱਕਾ ਸਮਝਿਆ ਜਾਵੇਗਾ।**

## ਸ਼ਾਮ ਦਾ ਕਾਲਜ (ਕੇਵਲ ਬੀ.ਏ. ਨੌਕਰੀ ਪੇਸ਼ਾ ਲੜਕਿਆਂ ਲਈ)

ਅਜਿਹੇ ਵਿਦਿਆਰਥੀ ਜੋ ਸਵੇਰ ਦੇ ਸਮੇਂ ਕਿਸੇ ਸੰਸਥਾ ਜਾਂ ਅਦਾਰੇ ਵਿੱਚ ਨੌਕਰੀ ਕਰਦੇ ਹਨ ਪਰੰਤੂ ਆਪਣੀ ਪੜ੍ਹਾਈ ਨੂੰ ਜਾਰੀ ਰੱਖਣਾ ਚਾਹੁੰਦੇ ਹਨ, ਉਹ ਸ਼ਾਮ ਦੇ ਕਾਲਜ ਵਿੱਚ ਦਾਖਲਾ ਲੈ ਸਕਦੇ ਹਨ। ਸ਼ਾਮ ਦੇ ਕਾਲਜ ਵਿੱਚ ਕੇਵਲ **ਬੀ.ਏ (ਬੈਚੂਲਰ ਆਫ਼ ਆਰਟਸ)** ਤੱਕ ਦੀ ਪੜ੍ਹਾਈ ਦਾ ਪ੍ਰਬੰਧ ਹੈ ਜਿੱਥੇ ਨੌਕਰੀ ਪੇਸ਼ਾ ਚਾਹਵਾਨ ਵਿਦਿਆਰਥੀ ਇਸ ਸੁਵਿਧਾ ਦਾ ਲਾਭ ਉਠਾ ਸਕਦੇ ਹਨ।
ਸ਼ਾਮ ਦੇ ਕਾਲਜ ਵਿੱਚ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ ਨੌਕਰੀ ਸਬੰਧੀ ਸਰਟੀਫਿਕੇਟ ਨਿਰਧਾਰਿਤ ਪ੍ਰੋਫਾਰਮਾ (ਜੋ ਕਿ ਪ੍ਰਾਸਪੈਕਟਸ ਦੇ ਪੰਨਾ ਨੰ 35 ਤੇ ਉਪਲਬਧ ਹੈ) ਭਰਨ ਉਪਰੰਤ ਲਾਜ਼ਮੀ ਜਮ੍ਹਾਂ ਕਰਵਾਉਣ।

**ਪ੍ਰਾਸਪੈਕਟਸ ਵਿੱਚ ਦਰਸਾਏ ਸਭ ਨਿਯਮ ਸ਼ਾਮ ਦੇ ਵਿਦਿਆਰਥੀਆਂ ਤੇ ਵੀ ਲਾਗੂ ਹੋਣਗੇ।**

| ਲੜੀ ਨੰ | ਕਲਾਸ/ਵਿਸ਼ਾ | ਵੇਰਵਾ | ਸੀਟਾਂ |
|---|---|---|---|
| 1. | ਬੀ.ਏ.-1 | ਸਿਰਫ ਲੜਕੇ | 320 |
| | ਵਿਸ਼ਾਵਾਰ ਸੀਟਾਂ ਦਾ ਵੇਰਵਾ :<br>ਬੀ.ਏ.-1 ਅੰਗਰੇਜੀ (ਚੋਣਵੀਂ)<br>ਬੀ.ਏ.-1 ਹਿੰਦੀ (ਚੋਣਵੀਂ)<br>ਬੀ.ਏ.-1 ਪੰਜਾਬੀ (ਚੋਣਵੀਂ) | | <br>80<br>80<br>160 |
| | ਬੀ.ਏ.-1 ਇਤਿਹਾਸ | | 240 |
| | ਬੀ.ਏ.-1 ਅਰਥ ਸ਼ਾਸਤਰ | | 80 |
| | ਬੀ.ਏ.-1 ਗਣਿਤ | | 80 |
| | ਬੀ.ਏ.-1 ਰਾਜਨੀਤੀ ਸ਼ਾਸਤਰ | | 240 |

### ਬੀ.ਏ. ਸਮੈਸਟਰ ਪਹਿਲਾ :

**ਲਾਜ਼ਮੀ ਵਿਸ਼ੇ :**

(1) ਲਾਜ਼ਮੀ ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ (ਨਿਯਮਾਂ ਅਨੁਸਾਰ)
(2) ਲਾਜ਼ਮੀ ਅੰਗਰੇਜ਼ੀ
(3) ਵਾਤਾਵਰਣ, ਸੜਕ ਸੁਰੱਖਿਆ, ਔਰਤਾਂ ਅਤੇ ਬੱਚਿਆਂ ਉਤੇ ਅੱਤਿਆਚਾਰ ਅਤੇ ਨਸ਼ਿਆਂ ਸਬੰਧੀ ਸਿੱਖਿਆ।

**ਚੋਣਵੇਂ ਵਿਸ਼ੇ :**

| ਗਰੁੱਪ 1 | ਗਰੁੱਪ 2 | ਗਰੁੱਪ 3 |
|---|---|---|
| ਚੋਣਵੀਂ ਪੰਜਾਬੀ,<br>ਚੋਣਵੀਂ ਹਿੰਦੀ ਜਾਂ<br>ਚੋਣਵੀਂ ਅੰਗਰੇਜ਼ੀ | ਰਾਜਨੀਤੀ ਸ਼ਾਸਤਰ,<br>ਹਿਸਾਬ | ਇਤਿਹਾਸ,<br>ਅਰਥ ਸ਼ਾਸ਼ਤਰ |

**ਨੋਟ :** ਇਤਿਹਾਸ ਵਿਸ਼ੇ ਨਾਲ ਹਿਸਾਬ ਵਿਸ਼ਾ ਰੱਖਣ ਦੀ ਆਗਿਆ ਨਹੀਂ ਹੋਵੇਗੀ।

## ਦਾਖਲੇ ਦੇ ਨਿਯਮ (ਸਵੇਰ ਅਤੇ ਸ਼ਾਮ ਦੇ ਕਾਲਜ ਲਈ)

1. ਵੱਖ-ਵੱਖ ਜਮਾਤਾਂ ਵਿੱਚ ਦਾਖਲੇ ਦੇ ਇੱਛੁਕ ਵਿਦਿਆਰਥੀਆਂ ਕੋਲ ਆਪਣੀ **Valid Email ID** ਅਤੇ **Mobile Number** ਹੋਣਾ ਚਾਹੀਦਾ ਹੈ। ਜਿਹੜਾ ਕਿ ਦਾਖਲਾ ਫਾਰਮ ਵਿੱਚ ਭਰਿਆ ਜਾਵੇਗਾ।
2. ਗਰੈਜੁਏਟ ਅਤੇ ਪੋਸਟ ਗਰੈਜੁਏਟ ਕਲਾਸਾਂ ਦੇ ਪਹਿਲੇ ਸਮੈਸਟਰ ਵਿੱਚ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ। ਇਹ ਮੈਰਿਟ ਪਾਸ ਕੀਤੀ ਹੇਠਲੀ ਜਮਾਤ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਦੁਆਰਾ ਨਿਰਧਾਰਤ ਕੀਤੀ ਜਾਵੇਗੀ। ਇਹ ਸਾਰੀਆਂ ਕਲਾਸਾਂ ਦੇ ਦਾਖਲੇ ਸਬੰਧੀ ਯੋਗਤਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਨਿਰਧਾਰਿਤ ਸ਼ਰਤਾਂ, ਨਿਯਮਾਂ ਅਤੇ ਹਦਾਇਤਾਂ ਦੇ ਅਨੁਸਾਰ ਤਹਿ ਕੀਤੀ ਜਾਵੇਗੀ।
3. ਐਮ.ਕਾਮ ਬਿਜ਼ਨੈਸ ਇਨੋਵੇਸ਼ਨਜ਼, ਐਮ.ਐਸ ਸੀ. (ਫਿਜ਼ੀਕਸ), ਐਮ.ਐਸ ਸੀ. (ਕਮਿਸਟਰੀ) ਪਹਿਲਾ ਸਮੈਸਟਰ ਦਾ ਦਾਖਲਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਲਈ ਗਈ - (CETPG) ਦਾਖਲਾ ਟੈਸਟ ਦੀ ਮੈਰਿਟ ਅਤੇ ਨਿਯਮਾਂ ਅਨੁਸਾਰ ਹੋਵੇਗਾ। ਪਰੰਤੂ ਐਮ.ਕਾਮ (ਬਿਜ਼ਨੈਸ ਇਨੋਵੇਸ਼ਨ) ਦੀਆਂ ਖਾਲੀ ਸੀਟਾਂ ਯੂਨੀਵਰਸਿਟੀ ਦੀ ਆਗਿਆ ਨਾਲ ਮੈਰਿਟ ਦੇ ਆਧਾਰ ਤੇ ਟੈਸਟ ਦੇ ਬਗੈਰ ਵੀ ਭਰੀਆਂ ਜਾ ਸਕਦੀਆਂ ਹਨ।
4. ਬੀ.ਏ./ਬੀ.ਐਸ ਸੀ. ਅਤੇ ਬੀ.ਕਾਮ ਸਮੈਸਟਰ ਦੂਜਾ ਅਤੇ ਤੀਜਾ ਤੇ ਪੋਸਟ ਗ੍ਰੈਜੂਏਟ ਕਲਾਸਾਂ ਸਮੈਸਟਰ ਦੂਜਾ ਵਿੱਚ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨੂੰ ਹੀ ਦਾਖਲਾ ਦਿੱਤਾ ਜਾਵੇਗਾ। ਦਾਖਲਾ ਲੈਣ ਲਈ ਜ਼ਰੂਰੀ ਹੈ ਹੇਠਲੇ ਸਮੈਸਟਰ ਵਿੱਚੋਂ 50% ਵਿਸ਼ੇ ਪਾਸ ਕੀਤੇ ਹੋਣ।
5. ਐਮ.ਏ. ਪਹਿਲਾ ਸਮੈਸਟਰ ਵਿਚ ਦਾਖ਼ਲੇ ਲਈ ਮੈਰਿਟ ਸੰਬੰਧਿਤ ਚੋਣਵੇਂ ਵਿਸ਼ੇ ਵਿੱਚ ਬੀ.ਏ. ਭਾਗ ਪਹਿਲਾ, ਦੂਜਾ, ਤੀਜਾ ਦੇ ਪ੍ਰਾਪਤ ਅੰਕਾਂ ਨੂੰ ਬੀ.ਏ. ਦੇ ਕੁੱਲ ਪ੍ਰਾਪਤ ਅੰਕਾਂ ਵਿੱਚ ਜੋੜ ਕੇ ਨਿਰਧਾਰਿਤ ਕੀਤੀ ਜਾਵੇਗੀ। ਕਿਸੇ ਸੰਬੰਧਿਤ ਵਿਸ਼ੇ ਵਿੱਚ ਆਨਰਜ਼ ਪਾਸ ਵਿਦਿਆਰਥੀਆਂ ਨੂੰ ਪ੍ਰਾਪਤ ਕੀਤੇ ਕੁੱਲ ਜੋੜ ਦੀ 15 ਪ੍ਰਤੀਸ਼ਤ ਵੇਟੇਜ ਵੀ ਦਿੱਤੀ ਜਾਵੇਗੀ।
6. ਐਮ.ਏ. ਪਹਿਲਾ ਸਮੈਸਟਰ, ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਦਾਖ਼ਲਾ ਚਾਹੁਣ ਵਾਲੇ ਉਮੀਦਵਾਰਾਂ ਨੇ ਜੇ ਸੰਬੰਧਤ ਚੋਣਵਾਂ ਵਿਸ਼ਾ ਨਹੀਂ ਪੜ੍ਹਿਆ ਤਾਂ ਉਸ ਦੇ ਉਸ ਵਿਸ਼ੇ ਵਿੱਚੋਂ ਜ਼ੀਰੋ ਨੰਬਰ ਮੰਨ ਕੇ ਅਗਲੀ ਮੈਰਿਟ ਬਣੇਗੀ। ਫੰਕਸ਼ਨਲ ਅੰਗਰੇਜ਼ੀ ਨੂੰ ਚੋਣਵੀਂ ਅੰਗਰੇਜ਼ੀ ਨਹੀਂ ਮੰਨਿਆ ਜਾਵੇਗਾ। ਐਮ.ਏ. ਜੋਗਰਫ਼ੀ ਅਤੇ ਗਣਿਤ ਵਿੱਚ ਦਾਖ਼ਲਾ ਤਾਂ ਹੀ ਮਿਲੇਗਾ ਜੇ ਇਹ ਵਿਸ਼ਾ ਗਰੈਜੂਏਸ਼ਨ 'ਚ ਪੜ੍ਹਿਆ ਹੋਵੇ।
7. ਪੋਸਟ-ਗਰੈਜੁਏਸ਼ਨ ਭਾਗ-ਪਹਿਲਾ ਵਿੱਚ ਦਾਖ਼ਲਾ ਚਾਹੁਣ ਵਾਲੇ ਉਮੀਦਵਾਰ ਜੋ ਗਰੈਜੂਏਟ ਪੱਧਰ ਦੇ ਇਮਤਿਹਾਨ ਵਿੱਚੋਂ ਪਾਸ ਹੋ ਚੁੱਕੇ ਹੋਣ ਪਰੰਤੂ ਦਾਖਲਾ ਮਿਤੀ ਤੱਕ ਆਪਣੇ ਡਿਟੇਲ ਮਾਰਕਸ ਕਾਰਡ ਪੇਸ਼ ਨਾ ਕਰ ਸਕਣ, ਦੇ ਸਬੰਧਿਤ ਵਿਸ਼ੇ ਵਿਚੋਂ35 ਪ੍ਰਤੀਸ਼ਤ ਅੰਕ ਮੰਨ ਕੇ ਮੈਰਿਟ ਨਿਰਧਾਰਿਤ ਕੀਤੀ ਜਾਵੇਗੀ।
8. ਦੂਜੀਆਂ ਯੂਨੀਵਰਸਿਟੀਆਂ ਦੇ ਕੰਪਾਰਟਮੈਂਟ ਕੇਸਾਂ ਨੂੰ ਪੋਸਟ ਗਰੈਜੁਏਟ ਦੇ ਕਿਸੇ ਵੀ ਕੋਰਸ ਵਿੱਚ ਦਾਖ਼ਲ ਨਹੀਂ ਕੀਤਾ ਜਾਵੇਗਾ।
9. ਗੈਪ ਕੇਸ ਤਾਂ ਹੀ ਵਿਚਾਰਿਆ ਜਾਵੇਗਾ ਜੇਕਰ ਇਸਦਾ ਕਾਰਨ ਸਵੈ-ਤਸਦੀਕ ਬਿਆਨ ਰਾਹੀਂ ਸਪਸ਼ਟ ਕੀਤਾ ਜਾਵੇ।
10. ਸਾਰੀਆਂ ਕਲਾਸਾਂ ਦੇ ਪਹਿਲੇ ਸਮੈਸਟਰ ਵਿਚ ਕਿਸੇ ਚੋਣਵੇਂ ਵਿਸ਼ੇ ਵਿੱਚ ਨਿਸ਼ਚਿਤ ਸੀਟਾਂ ਨਾਲੋਂ ਸੰਖਿਆ ਵਧਣ ਉਪਰੰਤ ਵਿਦਿਆਰਥੀਆਂ ਨੂੰ ਉਹ ਵਿਸ਼ਾ ਲੈਣ ਤੋਂ ਜਵਾਬ ਦਿੱਤਾ ਜਾ ਸਕਦਾ ਹੈ। ਪੋਸਟ ਗਰੈਜੁਏਟ ਵਿੱਚ ਕੋਈ ਆਪਸ਼ਨ ਚਾਹੁਣ ਵਾਲੇ ਵਿਦਿਆਰਥੀਆਂ ਦੀ ਚੋਣ ਟੈਸਟ ਦੇ ਆਧਾਰ 'ਤੇ ਕੀਤੀ ਜਾਵੇਗੀ। ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖ਼ਲੇ ਦੇ ਇਕ ਮਹੀਨੇ ਦੇ ਅੰਦਰ ਵਿਸ਼ਾ ਬਦਲਣ ਦੀ ਆਗਿਆ ਦਿੱਤੀ ਜਾਵੇਗੀ। ਹਰ ਸੂਰਤ ਵਿਚ ਵਿਦਿਆਰਥੀਆਂ ਨੂੰ ਕੇਵਲ ਉਹੀ ਵਿਸ਼ਾ ਗਰੁੱਪ ਲੈਣੇ ਹੋਣਗੇ ਜੋ ਯੂਨੀਵਰਸਿਟੀ ਵਲੋਂ ਪ੍ਰਵਾਨਿਤ ਅਤੇ ਕਾਲਜ ਪ੍ਰਾਸਪੈਕਟਸ ਵਿੱਚ ਦਰਜ ਹਨ।
11. ਕਾਲਜ ਦੇ ਘਰੇਲੂ ਇਮਤਿਹਾਨ ਜਾਂ ਸਲਾਨਾ ਇਮਤਿਹਾਨ ਵਿੱਚ ਨਕਲ ਕਰਨ ਵਾਲੇ ਵਿਦਿਆਰਥੀਆਂ ਜਾਂ ਕਿਸੇ ਯੂਨੀਵਰਸਿਟੀ ਜਾਂ ਬੋਰਡ ਵੱਲੋਂ ਅਯੋਗ ਠਹਿਰਾਏ ਗਏ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
12. ਦਾਖਲੇ ਪੰਜਾਬ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਕੀਤੇ ਜਾਂਦੇ ਹਨ। ਦਾਖਲਿਆਂ ਦੀ ਅੰਤਿਮ ਪ੍ਰਵਾਨਗੀ ਯੂਨੀਵਰਸਿਟੀ ਪਾਸੋਂ ਹੀ ਆਉਂਦੀ ਹੈ। ਜੇਕਰ ਕਿਸੇ ਦਾ ਦਾਖਲਾ ਉਪਰੋਤ ਸੰਸਥਾ ਰੱਦ ਕਰ ਦਿੰਦੀ ਹੈ ਤਾਂ ਕਾਲਜ ਇਸ ਲਈ ਉੱਤਰਦਾਈ ਨਹੀ ਹੋਵੇਗਾ।
13. ਜੇਕਰ ਪੰਜਾਬ ਯੂਨੀਵਰਸਿਟੀ ਵਲੋਂ ਨਿਰਧਾਰਿਤ ਮਿਤੀ ਤੱਕ ਕਿਸੇ ਕਲਾਸ ਦਾ ਨਤੀਜਾ ਨਾ ਨਿਕਲੇ ਉਸ ਕਲਾਸ ਦੇ ਸਾਰੇ ਵਿਦਿਆਰਥੀ ਨਤੀਜਾ ਨਿਕਲਣ ਤੋਂ ਤਿੰਨ ਦਿਨ ਤੱਕ ਆਪਣੇ ਦਾਖ਼ਲਾ ਫਾਰਮ ਜਮ੍ਹਾ ਕਰਵਾ ਸਕਣਗੇ। ਇਸ ਸੂਰਤ ਵਿੱਚ ਦਾਖਲਾ ਉਸ ਤੋਂ ਅਗਲੇ ਦਿਨ ਜਾਂ ਦੱਸੇ ਅਨੁਸਾਰ ਹੋਵੇਗਾ।

14. ਦਾਖਲਾ ਮਿਲ ਜਾਣ ਦੀ ਸੂਰਤ ਵਿੱਚ ਵਿਦਿਆਰਥੀ ਮਿਥੇ ਸਮੇਂ ਦੌਰਾਨ ਫੀਸ/ਫੰਡ ਜਮ੍ਹਾਂ ਕਰਵਾਉਣੇ ਹੋਣਗੇ। ਅਜਿਹਾ ਨਾ ਕਰਨ 'ਤੇ ਉਸ ਦਾ ਦਾਖਲਾ ਰੱਦ ਕਰ ਦਿਤਾ ਜਾਵੇਗਾ ਅਤੇ ਉਸਦੀ ਥਾਂ ਮੈਰਿਟ ਵਿੱਚ ਅਗਲੇ ਉਮੀਦਵਾਰ ਨੂੰ ਦਾਖਲ ਕਰ ਲਿਆ ਜਾਵੇਗਾ।

15. ਹੋਸਟਲ ਵਿੱਚ ਦਾਖਲੇ ਲਈ ਫਾਰਮ ਕਾਲਜ ਦੀ ਫੀਸ ਜਮ੍ਹਾ ਕਰਵਾਉਣ ਦੀ ਰਸੀਦ ਦਿਖਾਉਣ ਉਪਰੰਤ ਮਿਲੇਗਾ।

16. ਦਾਖ਼ਲਾ ਨਾ ਹਾਸਲ ਕਰਨ ਵਾਲੇ ਉਮੀਦਵਾਰਾਂ ਨੂੰ ਉਨ੍ਹਾਂ ਦੇ ਦਾਖ਼ਲਾ ਫਾਰਮ, ਫੋਟੋਆਂ ਅਤੇ ਨਾਲ ਨੱਥੀ ਦਸਤਾਵੇਜ਼ ਵਾਪਸ ਨਹੀਂ ਕੀਤੇ ਜਾਣਗੇ।

17. ਕਿਸੇ ਵੀ ਕਿਸਮ ਦੀ ਫੀਸ, ਫੰਡ ਜੁਰਮਾਨਾ ਆਦਿ ਬੈਂਕ ਵਿੱਚ ਭਰਨ ਉਪਰੰਤ ਰਸੀਦ ਜ਼ਰੂਰ ਹਾਸਲ ਕਰੋ ਅਤੇ ਚਲਾਨ ਦੀ ਕਾਪੀ ਕਾਲਜ ਦੇ ਫੀਸ ਕਲਰਕ ਕੋਲ ਜਮ੍ਹਾਂ ਕਰਵਾਉਣੀ ਹੋਵੇਗੀ।

18. ਕਿਸੇ ਵੀ ਵਿਦਿਆਰਥੀ ਦਾ ਦਾਖਲਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ / ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਪ੍ਰਵਾਨਗੀ ਨਾਲ ਹੀ ਹੋਵੇਗਾ। ਸਾਰੇ ਦਾਖਲੇ ਅਸਥਾਈ ਹਨ, ਜਿੰਨਾਂ ਚਿਰ ਸਬੰਧਿਤ ਦਾਖਲਾ ਕਮੇਟੀ ਅਤੇ ਯੂਨੀਵਰਸਿਟੀ ਵਲੋਂ ਸਾਰੇ ਸਰਟੀਫਿਕੇਟ ਸਹੀ ਨਹੀਂ ਪਾਏ ਜਾਂਦੇ।

19. ਦਾਖ਼ਲਾ ਮਿਲ ਜਾਣ ਉਪਰੰਤ ਜੇ ਦਾਖ਼ਲਾ ਫਾਰਮ ਵਿਚ ਦਰਜ ਸੂਚਨਾ ਦੇ ਗ਼ਲਤ ਹੋਣ ਬਾਰੇ ਪਤਾ ਲੱਗ ਜਾਵੇ ਤਾਂ ਦਾਖ਼ਲਾ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਅਜਿਹੀ ਸੂਰਤ ਵਿੱਚ ਜਮ੍ਹਾਂ ਕਰਵਾਈ ਗਈ ਫੀਸ ਵਾਪਸ ਨਹੀਂ ਕੀਤੀ ਜਾਵੇਗੀ।

20. ਆਨਲਾਈਨ ਦਾਖਲਾ ਫਾਰਮ ਦੇ ਪ੍ਰਿੰਟਆਊਟ ਨਾਲ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਫੋਟੋ ਸਟੇਟ ਕਾਪੀਆਂ ਅਪਲੋਡ ਹੋਣੀਆਂ ਜ਼ਰੂਰੀ ਹਨ :-

(ੳ) ਜਨਮ ਮਿਤੀ ਦਾ ਸਰਟੀਫਿਕੇਟ (ਮੈਟ੍ਰਿਕ)।

(ਅ) ਪਿਛਲੀ ਸੰਸਥਾ ਤੋਂ ਪ੍ਰਾਪਤ ਕੀਤਾ ਚਰਿੱਤਰ ਸਰਟੀਫਿਕੇਟ।

(ੲ) ਹੇਠਲੀਆਂ ਜਮਾਤਾਂ ਦੇ ਨਤੀਜਾ ਕਾਰਡ।

(ਸ) ਦੋ ਇਕੋ ਜਿਹੀਆਂ ਪਾਸਪੋਰਟ ਸਾਈਜ਼ ਫ਼ੋਟੋਆਂ, ਜਿਹਨਾਂ ਵਿੱਚੋਂ ਇੱਕ ਦਾਖ਼ਲਾ ਫਾਰਮ ਉਪਰ ਨਿਰਧਾਰਿਤ ਥਾਂ 'ਤੇ ਚਿਪਕਾਈ ਜਾਵੇਗੀ। ਦੂਸਰੀ ਪਿੰਨ ਨਾਲ ਨੱਥੀ ਕੀਤੀ ਜਾਵੇਗੀ। (ਫਾਰਮ ਦੀ ਦੂਸਰੀ ਪਰਤ ਵਿੱਚ ਕੇਵਲ ਇਕ ਫੋਟੋ ਲਗਾਈ ਜਾਵੇ।) ।

(ਹ) ਬਲੱਡ ਗਰੁੱਪ ਸਰਟੀਫਿਕੇਟ।

(ਕ) ਪੰਜਾਬ ਤੋਂ ਬਾਹਰਲੇ ਬੋਰਡਾਂ ਅਤੇ ਯੂਨੀਵਰਸਿਟੀਆਂ ਤੋਂ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਦਾਖ਼ਲਾ ਫਾਰਮ ਨਾਲ ਯੋਗਤਾ ਸਰਟੀਫਿਕੇਟ ਜ਼ਰੂਰ ਲਾਉਣਗੇ। ਇਹ ਸ਼ਰਤ ਸੀ.ਬੀ.ਐਸ.ਈ. ਵਾਲੇ ਵਿਦਿਆਰਥੀਆਂ 'ਤੇ ਲਾਗੂ ਨਹੀਂ ਹੋਵੇਗੀ।

(ਖ) ਰਾਖਵੀਂ ਸੀਟ ਵਾਸਤੇ ਦਾਅਵਾ ਕਰਨ ਲਈ ਸਮਰੱਥ ਅਧਿਕਾਰੀ ਦਾ ਜਾਤੀ ਜਾਂ ਆਮਦਨ ਸਰਟੀਫਿਕੇਟ ਦਾਖ਼ਲਾ ਫਾਰਮ ਨਾਲ ਅਪਲੋਡ ਕਰਨਾ ਜ਼ਰੂਰੀ ਹੋਵੇਗਾ। ਆਮਦਨ ਸੰਬੰਧੀ ਸਵੈ-ਤਸਦੀਕਸ਼ੁਦਾ ਬਿਆਨ ਵੀ ਲਾਇਆ ਜਾ ਸਕਦਾ ਹੈ। ਰਾਖਵੀਂ ਸ਼੍ਰੇਣੀ ਨਾ ਲਿਖਣ ਅਤੇ ਫਾਰਮ ਨਾਲ ਅਜਿਹਾ ਸਰਟੀਫਿਕੇਟ ਨਾ ਲੱਗਾ ਹੋਣ ਦੀ ਸੂਰਤ ਵਿਚ ਉਮੀਦਵਾਰ ਦਾ ਰਾਖਵੀਂ ਸੀਟ ਲਈ ਦਾਅਵਾ ਨਹੀਂ ਬਣੇਗਾ। ਫਾਰਮ ਜਮ੍ਹਾਂ ਕਰਵਾਉਣ ਤੋਂ ਬਾਅਦ ਵਿਚ ਰਾਖਵੇਂਕਰਨ ਦੇ ਦਾਅਵੇ ਲਈ ਕੋਈ ਸਬੂਤ ਨਹੀਂ ਲਿਆ ਜਾਵੇਗਾ।

(ਗ) ਐਸ.ਸੀ/ ਐਸ.ਟੀ. ਨਾਲ ਸਬੰਧਤ ਪੰਜਾਬ ਦੇ ਵਸਨੀਕ ਜਿਹਨਾਂ ਦੀ ਸਲਾਨਾ ਪਰਿਵਾਰਕ ਆਮਦਨ 2,50,000/- ਤੋਂ ਘੱਟ ਹੈ ਉਹਨਾਂ ਨੂੰ ਆਮਦਨ ਸਰਟੀਫਿਕੇਟ ਅਤੇ ਸਵੈ-ਘੋਸ਼ਣਾ ਪੱਤਰ ਵੀ ਲਗਾਉਣਾ ਜਰੂਰੀ ਹੋਵੇਗਾ।

(ਘ) ਆਧਾਰ ਕਾਰਡ

(ਙ) ਜਿਸ ਵਿਦਿਆਰਥੀ ਨੇ ਪੰਜਾਬ ਯੂਨੀਵਰਸਿਟੀ / ਪੰਜਾਬ ਸਕੂਲ ਐਜੂਕੇਸ਼ਨ ਬੋਰਡ ਤੋਂ ਇਲਾਵਾ ਕਿਸੇ ਹੋਰ ਯੂਨੀਵਰਸਿਟੀ/ ਬੋਰਡ ਤੋਂ ਹੇਠਲਾ ਇਮਤਿਹਾਨ ਪਾਸ ਕੀਤਾ ਹੈ, ਉਸ ਨੂੰ ਮਾਈਗ੍ਰੇਸ਼ਨ ਸਰਟੀਫਿਕੇਟ ਲਗਾਉਣਾ ਵੀ ਜਰੂਰੀ ਹੋਵੇਗਾ।

(ਚ) ਸ਼ਾਮ ਦੇ ਕਾਲਜ 'ਚ ਦਾਖ਼ਲੇ ਲਈ ਨਿਰਧਾਰਿਤ ਪ੍ਰਫਾਰਮੇ ਅਨੁਸਾਰ ਨੌਕਰੀ ਸਰਟੀਫਿਕੇਟ ਜ਼ਰੂਰ ਲਾਇਆ ਜਾਵੇ ਅਤੇ ਦਾਖ਼ਲਾ ਫਾਰਮ ਸਵੇਰ ਦੇ ਕਾਲਜ ਵਿੱਚ ਹੀ ਜਮ੍ਹਾ ਕਰਵਾਇਆ ਜਾਵੇ। ਸਵੇਰ ਦੇ ਕਾਲਜ ਤੋਂ ਸ਼ਾਮ ਦੇ ਕਾਲਜ ਵਿੱਚ ਜਾਂ ਸ਼ਾਮ ਤੋਂ ਸਵੇਰ ਦੇ ਕਾਲਜ ਵਿਚ ਫਾਰਮ ਸ਼ਿਫਟ ਨਹੀਂ ਕੀਤਾ ਜਾਵੇਗਾ।

**ਅਤਿ ਜ਼ਰੂਰੀ ਨੋਟ:-** ਉਪਰੋਕਤ ਸਾਰੇ ਦਸਤਾਵੇਜ ਆਨ-ਲਾਈਨ ਦਾਖ਼ਲਾ ਫਾਰਮ ਦੇ ਨਾਲ ਨੱਥੀ ਹੋਣੇ ਜ਼ਰੂਰੀ ਹਨ ।

# ਦਾਖਲਾ ਫਾਰਮ ਭਰਨ ਸਮੇਂ ਵਿਸ਼ੇਸ਼ ਧਿਆਨ ਰੱਖਣ ਯੋਗ ਗੱਲਾਂ

**ਵਿਸ਼ੇਸ ਕਥਨ:–** ਦਾਖਲੇ ਲਈ ਇੱਛੁਕ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਆਪਣੀ ਈ ਮੇਲ ਆਈ.ਡੀ. ਬਣਾਏ ਅਤੇ ਦਾਖਲੇ ਫਾਰਮ ਵਿਚ ਦਰਜ ਕੀਤੇ ਮੋਬਾਇਲ ਨੰਬਰ ਤੇ ਈਮੇਲ ਆਈ.ਡੀ. ਨੂੰ ਚਾਲੂ ਹਾਲਤ ਵਿਚ ਰੱਖੇ।

1. ਦਾਖਲਾ ਪ੍ਰਕ੍ਰਿਆ ਨਾਲ ਸਬੰਧਤ ਸਾਰੀ ਮਹਤੱਵਪੂਰਨ ਜਾਣਕਾਰੀ ਕਾਲਜ ਦੀ ਵੈਬਸਾਈਟ **(www.scdgovtcollege.ac.in)** ਤੇ ਉਪਲਬਧ ਹੋਵੇਗੀ।
2. ਦਾਖਲਾ ਫਾਰਮ ਭਰਦੇ ਸਮੇਂ ਪ੍ਰਾਸਪੈਕਟਸ ਦੇ ਹਰ ਸ਼ਬਦ ਅਤੇ ਪੰਨੇ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਕਿਉਂਕਿ ਨਿਯਮਾਂ ਦੀ ਅਗਿਆਨਤਾ ਤੋਂ ਕੋਈ ਛੋਟ ਨਹੀਂ ਦਿੱਤੀ ਜਾਵੇਗੀ (Ignorance of law is no excuse)
3. ਕਿਸੇ ਵੀ ਕੋਰਸ ਵਿੱਚ ਇੱਕ ਤੋਂ ਵੱਧ ਕੈਟੇਗਰੀ ਵਿੱਚ ਦਾਖਲਾ ਲੈਣ ਲਈ ਵਿਚਾਰੇ ਜਾਣ ਦੇ ਚਾਹਵਾਨ ਵਿਦਿਆਰਥੀ ਇੱਕੋ ਫਾਰਮ ਵਿੱਚ ਹੀ ਅਲੱਗ ਅਲੱਗ ਕੈਟੇਗਰੀ (Category) ਨੂੰ ਚੁਣ ਸੁਕਦੇ ਹਨ।
4. ਇੱਕ ਤੋਂ ਵੱਧ ਕੋਰਸਾਂ (Courses) ਲਈ ਅਪਲਾਈ ਕਰਨ ਵਾਲੇ ਵਿਦਿਆਰਥੀ ਇੱਕੋ ਫਾਰਮ ਵਿੱਚ ਹੀ ਵੱਖ ਵੱਖ ਕੋਰਸਾਂ ਨੂੰ ਚੁਣ ਸਕਦੇ ਹਨ।
5. Online ਦਾਖਲਾ ਫਾਰਮ ਦੀ ਪ੍ਰਿੰਟ ਆਉਟ ਬਾਕੀ ਦਸਤਾਵੇਜ਼ਾਂ ਨਾਲ ਦਾਖਲੇ ਵਾਲੇ ਦਿਨ ਹੀ ਦਾਖਲਾ ਕਮੇਟੀ ਪਾਸ ਜਮ੍ਹਾਂ ਕਰਵਾਈ ਜਾਵੇ। ਦਾਖਲਾ ਫਾਰਮ ਭਰਦੇ ਸਮੇਂ ਸਾਰੇ ਜ਼ਰੂਰੀ ਦਸਤਾਵੇਜ਼ ਨੱਥੀ ਕਰਨੇ ਲਾਜ਼ਮੀ ਹਨ। ਆਖ਼ਰੀ ਮਿਤੀ ਤੋਂ ਬਾਅਦ ਕੋਈ ਦਸਤਾਵੇਜ਼ ਲਗਾਉਣ ਜਾਂ ਉਤਾਰਨ ਦੀ ਆਗਿਆ ਨਹੀਂ ਹੋਵੇਗੀ। ਦਸਤਾਵੇਜ਼ਾਂ ਦੀ ਘਾਟ ਕਾਰਨ ਜਾਂ ਅਧੂਰਾ ਫਾਰਮ ਰੱਦ ਕਰ ਦਿੱਤਾ ਜਾਵੇਗਾ।
6. ਰਿਜ਼ਰਵ ਕੈਟੇਗਰੀ (ਅਨੁਸੂਚਿਤ ਜਾਤੀਆਂ ਤੋਂ ਬਿਨਾਂ) ਵਾਲੇ ਵਿਦਿਆਰਥੀ ਨੂੰ ਜਨਰਲ ਕੈਟੇਗਰੀ ਵਿੱਚ ਉਨ੍ਹਾਂ ਦੀ ਮੈਰਿਟ ਮੁਤਾਬਕ ਆਪਣੇ ਆਪਣੇ ਆਪ ਹੀ ਸ਼ਾਮਿਲ ਹੋ ਜਾਵੇਗੀ।
7. ਦਾਖਲੇ ਲਈ ਚੁਣੇ ਗਏ ਉਮੀਦਵਾਰਾਂ ਨੂੰ ਨਿਸਚਿਤ ਸਮੇਂ ਅੰਦਰ ਫੀਸ ਜਮ੍ਹਾ ਕਰਵਾਉਣੀ ਹੋਵੇਗੀ ਨਹੀਂ ਤਾਂ ਮੈਰਿਟ ਅਨੁਸਾਰ ਇਸ ਤੋਂ ਅਗਲੇ ਉਮੀਦਵਾਰ ਨੂੰ ਮੌਕਾ ਦਿੱਤਾ ਜਾਵੇਗਾ। ਫੀਸ ਦਾ ਭੁਗਤਾਨ ਨਿਸਚਿਤ ਵਿਧੀ ਅਨੁਸਾਰ ਆਨ ਲਾਈਨ ਹੀ ਕੀਤਾ ਜਾਵੇਗਾ।
8. ਬੈਂਕ ਵਿੱਚ ਜਮ੍ਹਾ ਫੀਸ ਚੈਕ ਕਰਨ ਉਪਰੰਤ ਕਾਲਜ ਵਿਦਿਆਰਥੀ ਨੂੰ ਰੋਲ ਨੰਬਰ ਅਲਾਟ ਕਰੇਗਾ ਅਤੇ ਐਸ.ਐਮ.ਐਸ.(SMS) ਰਾਹੀਂ ਸੂਚਿਤ ਕੀਤਾ ਜਾਵੇਗਾ।
9. ਫੀਸ ਦੀ ਰਸੀਦ ਅਤੇ ਅਲਾਟ ਕੀਤਾ ਰੋਲ ਨੰਬਰ ਲਿਖ ਕੇ ਕਾਲਜ ਵਿਚ ਅਗਲੇ ਦੋ ਦਿਨਾਂ ਵਿਚ ਜਮ੍ਹਾ ਕਰਵਾਇਆ ਜਾਵੇ।
10. ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀ ਅਧੀਨ ਲਾਭ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਆਪਣੇ ਦਾਖਲਾ ਫਾਰਮ ਨਾਲ ਆਪਣੇ ਬੈਂਕ ਖ਼ਾਤੇ (ਪਾਸ ਬੁੱਕ) ਦੀ ਫੋਟੋ ਕਾਪੀ ਅਤੇ ਅਧਾਰ ਕਾਰਡ ਦੀ ਕਾਪੀ ਜ਼ਰੂਰ ਲਗਾਉਣ।
11. ਸਵੈ-ਘੋਸ਼ਣਾ ਫਾਰਮ (ਕਾਲਜ ਵੈਬਸਾਈਟ ਤੇ ਉਪਲਬਧ) ਐਸ.ਸੀ. ਕੈਟਾਗਰੀ ਵਾਲੇ ਵਿਦਿਆਰਥੀ ਲਾਜ਼ਮੀ ਭਰਨ।
12. ਜਿਨ੍ਹਾਂ ਵਿਦਿਆਰਥੀਆਂ ਨੇ 12ਵੀਂ ਦੀ ਪ੍ਰੀਖਿਆ ਕਿਸੇ ਹੋਰ ਪ੍ਰਦੇਸ਼ ਦੇ ਬੋਰਡ ਤੋਂ ਪਾਸ ਕੀਤੀ ਹੈ (CBSE, PSEB, ICSE ਨੂੰ ਛੱਡ ਕੇ) ਉਹਨਾਂ ਲਈ ਆਪਣੇ ਮਾਈਗਰੇਸ਼ਨ ਸਰਟੀਫਿਕੇਟ ਅਤੇ ਅਸਲ ਸਰਟੀਫਿਕੇਟ 31 **ਅਗਸਤ, 2024** ਤੱਕ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। M.A./M.Sc./M.Com. ਦੇ ਵਿਦਿਆਰਥੀ ਜਿਨ੍ਹਾਂ ਨੇ ਆਪਣੀ ਗਰੈਜੂਏਸ਼ਨ ਜਾਂ ਹੇਠਲੀ ਜਮਾਤ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕੀਤੀ ਹੈ ਉਹਨਾਂ ਨੇ ਆਪਣਾ ਮਾਈਗਰੇਸ਼ਨ ਸਰਟੀਫਿਕੇਟ ਅਤੇ ਅਸਲ ਦਸਤਾਵੇਜ਼ 31 **ਅਗਸਤ, 2024** ਤੱਕ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ। ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਜੁਰਮਾਨਾ ਪਵੇਗਾ ਅਤੇ ਦਾਖ਼ਲਾ ਯੂਨੀਵਰਸਿਟੀ ਵਲੋਂ ਪੱਕਾ (confirm) ਨਹੀਂ ਹੋਵੇਗਾ।
13. ਮਹਿਜ਼ ਰਜਿਸਟ੍ਰੇਸ਼ਨ ਤੋਂ ਭਾਵ ਦਾਖਲਾ ਹੋਣਾ ਨਹੀਂ ਹੈ।

# ਰਾਖਵੀਆਂ ਸੀਟਾਂ ਦਾ ਵੇਰਵਾ (Reservation Policy)

ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਵਿਦਿਆਰਥੀਆਂ ਲਈ ਰਾਖਵੀਆਂ ਸੀਟਾਂ ਦਾ ਵੇਰਵਾ ਇਸ ਪ੍ਰਕਾਰ ਹੈ:
(ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਦੇ ਪੱਤਰ ਨੰ. HED-EDU 10 M.L / 16 / 2021 - 3edu - Part (1) /1824 Dated Chd. 17.08.2021)

| ਕੈਟਾਗਰੀ | % | ਕੈਟਾਗਰੀ | % |
|---|---|---|---|
| ਜਨਰਲ ਲਈ | 52 | ਜਨਰਲ ਲਈ | 52 |
| ਅਨੁਸੂਚਿਤ ਜਾਤੀ ਲਈ | 20 | ਅਨੁਸੂਚਿਤ ਜਾਤੀ ਲਈ | 20 |
| ਪੱਛੜੀਆਂ ਸ਼੍ਰੇਣੀਆਂ ਲਈ | 08 | ਪੱਛੜੀਆਂ ਸ਼੍ਰੇਣੀਆਂ ਲਈ | 08 |
| ਸਾਬਕਾ ਸੈਨਿਕ ਅਫ਼ਸਰ/ਕਰਮਚਾਰੀਆਂ ਦੇ ਬੱਚਿਆਂ ਲਈ | 13 | ਸਾਬਕਾ ਸੈਨਿਕ ਅਫ਼ਸਰ/ਕਰਮਚਾਰੀਆਂ ਦੇ ਬੱਚਿਆਂ ਲਈ (ਜਨਰਲ) | 07 |
| | | ਸਾਬਕਾ ਸੈਨਿਕ ਅਫ਼ਸਰ/ਕਰਮਚਾਰੀਆਂ ਦੇ ਬੱਚਿਆਂ ਲਈ (ਅਨੁਸੂਚਿਤ ਜਾਤੀ) | 04 |
| | | ਸਾਬਕਾ ਸੈਨਿਕ ਅਫ਼ਸਰ/ਕਰਮਚਾਰੀਆਂ ਦੇ ਬੱਚਿਆਂ ਲਈ (ਪੱਛੜੀਆਂ ਸ਼੍ਰੇਣੀਆਂ) | 02 |
| ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਲਈ | 01 | ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ ਲਈ | 01 |
| ਪੀ.ਡਬਲਿਯੂ.ਡੀ. | 03 | ਪੀ.ਡਬਲਿਯੂ.ਡੀ. | 03 |
| ਖਿਡਾਰੀਆਂ ਲਈ | 03 | ਖਿਡਾਰੀ (ਜਨਰਲ) | 02 |
| | | ਖਿਡਾਰੀ (ਅਨੁਸੂਚਿਤ ਜਾਤੀ) | 01 |
| ਜੋੜ | 100 | | 100 |

### ਹੋਰ ਰਿਜ਼ਰਵ / ਵਾਧੂ ਸੀਟਾਂ

1. ਇਕਲੌਤੀ ਧੀ ਜਾਂ ਕੇਵਲ ਦੋ ਧੀਆਂ ਵਿੱਚੋਂ ਕੋਈ ਇੱਕ ਧੀ ਲਈ* (ਹਰੇਕ ਕੋਰਸ ਵਿੱਚ ਪ੍ਰਤੀ ਯੂਨਿਟ) — 2 ਸੀਟਾਂ/ਯੂਨਿਟ
2. ਏਡਜ਼, ਕੈਂਸਰ ਜਾਂ ਥੈਲੇਸੀਮੀਆਂ ਦੀ ਬੀਮਾਰੀ ਤੋਂ ਪੀੜ੍ਹਤਾਂ ਲਈ (ਹਰੇਕ ਕੋਰਸ ਵਿੱਚ) — 1 ਸੀਟ
3. ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ (ਹਰੇਕ ਕੋਰਸ ਵਿੱਚ) — 2 ਸੀਟਾਂ
4. ਸਰਹੱਦੀ ਖੇਤਰ ਦੇ ਵਿਦਿਆਰਥੀਆਂ ਲਈ (ਹਰੇਕ ਕੋਰਸ ਵਿੱਚ) — 1 ਸੀਟ
5. ਯੂਥ ਫੈਸਟੀਵਲ ਦੇ ਉੱਤਮ ਪੇਸ਼ਕਾਰੀ ਵਾਲੇ ਵਿਦਿਆਰਥੀ ਲਈ — 1 ਸੀਟ
   (ਹਵਾਲਾ ਯੂਨੀ : ਪੱਤਰ ਨੰ PU/DYW/1010-1200 ਮਿਤੀ 27-05-2016)
6. ਕਾਰਗਿਲ ਰਾਖਵੀਂ — 1 ਸੀਟ

**ਜ਼ਰੂਰੀ ਨੋਟ:– ਜੇ ਪੰਜਾਬ ਸਰਕਾਰ ਨੇ ਦਾਖ਼ਲਾ ਰਾਖਵਾਂਕਰਨ ਵਿੱਚ ਕਿਸੇ ਕਿਸਮ ਦੀ ਕੋਈ ਤਬਦੀਲੀ ਕੀਤੀ ਤਾਂ ਉਸਦੀ ਪਾਲਣਾ ਕੀਤੀ ਜਾਵੇਗੀ।**

# ਰਾਖਵੀਆਂ ਸੀਟਾਂ ਲਈ ਦਿਸ਼ਾ ਨਿਰਦੇਸ਼

1. ਰਾਖਵੀਂ ਸੀਟ ਅਤੇ ਹੋਰ ਲਾਭ ਲੈਣ ਲਈ ਲੋੜੀਂਦਾ ਸਰਟੀਫਿਕੇਟ ਲਾਉਣਾ ਜ਼ਰੂਰੀ ਹੈ।
2. ਪੰਜਾਬ ਸਰਕਾਰ ਦੇ ਡਾਇਰੈਕਟੋਰੇਟ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ ਦੇ ਪੱਤਰ ਮੀਮੋ ਨੰ: ਸ-17/20925-28 ਮਿਤੀ 10-12-2012 ਅਤੇ ਡਾਇਰੈਕਟਰ ਸਿੱਖਿਆ ਵਿਭਾਗ ਕਾਲਜਾਂ ਪੰਜਾਬ ਦੇ ਪਿੱਠ ਅੰਕਣ ਨੰ: 2/6-2007

ਸਕਾ- 1(6)/8 ਮਿਤੀ 2/1/2013 ਅਨੁਸਾਰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀਆਂ, ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਾਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੋਵੇ ਪਾਸੋਂ ਦਾਖ਼ਲਾ/ਟਿਊਸ਼ਨ ਫੀਸ ਅਤੇ ਨਾਨ ਰਿੰਫਡੇਬਲ ਫੀਸਾਂ ਲੈਣ ਦੀ ਬਜਾਏ ਸਕੀਮ ਦੇ ਨਾਰਮਜ਼ ਅਨੁਸਾਰ ਯੋਗ ਕਾਰਵਾਈ ਕੀਤੀ ਜਾਏਗੀ।

3. ਪਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਕੁੱਲ ਸਲਾਨਾ ਆਮਦਨ ਸਾਰਿਆਂ ਵਸੀਲਿਆਂ ਤੋਂ 8 ਲੱਖ ਤੋਂ ਘੱਟ ਹੈ, ਕੇਵਲ ਉਨ੍ਹਾਂ ਨੂੰ ਹੀ ਪਛੜੀਆਂ ਸ਼੍ਰੇਣੀਆਂ ਦੀਆਂ ਰਾਖਵੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ। ਇਸ ਲਈ ਜਾਤੀ ਸਰਟੀਫਿਕੇਟ ਦੇ ਨਾਲ ਆਮਦਨ ਸਰਟੀਫਿਕੇਟ ਦੇਣਾ ਵੀ ਜ਼ਰੂਰੀ ਹੈ। ਜਾਤੀ ਸਰਟੀਫਿਕੇਟ ਮੈਜਿਸਟ੍ਰੇਟ/ਕਾਰਜਕਾਰੀ ਮੈਜਿਸਟ੍ਰੇਟ/ਫਸਟ ਕਲਾਸ ਮੈਜਿਸਟ੍ਰੇਟ/ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਣਾ ਚਾਹੀਦਾ ਹੈ। ਆਮਦਨ ਸਰਟੀਫਿਕੇਟ ਮਾਪਿਆਂ ਵਲੋਂ ਸਵੈ ਤਸਦੀਕ ਕਰਕੇ ਦਿੱਤਾ ਜਾ ਸਕਦਾ ਹੈ। ਇਹ ਦਾਖ਼ਲਾ ਫਾਰਮ ਨਾਲ ਨੱਥੀ ਕੀਤਾ ਜਾਵੇ।

4. ਬੀ.ਐਸ.ਐਫ., ਆਰਮਡ ਫੋਰਸਿਜ਼, ਸੀ.ਆਰ.ਪੀ.ਐਫ਼. ਅਤੇ ਪੁਲਿਸ ਵਿਚ ਕੰਮ ਕਰ ਰਹੇ ਅਤੇ ਸਾਬਕਾ ਸੈਨਿਕ ਅਧਿਕਾਰੀਆਂ/ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲਾ ਫਾਰਮ ਨਾਲ ਸੰਬੰਧਿਤ ਕਮਾਂਡਿੰਗ ਅਫ਼ਸਰ ਦਾ ਜਾਰੀ ਕੀਤਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।

5. ਖਿਡਾਰੀਆਂ ਦਾ ਦਾਖ਼ਲਾ ਉਸਦੀਆਂ ਪ੍ਰਾਪਤੀਆਂ ਦੇ ਅਧਾਰ ਤੇ ਕੀਤਾ ਜਾਵੇਗਾ। ਸਿਰਫ਼ ਉਹੀ ਖਿਡਾਰੀ ਦਾਖ਼ਲ ਕੀਤੇ ਜਾਂਦੇ ਹਨ, ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿਚ ਖੇਡਣ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਵਿਚ ਕਾਲਜ ਵਲੋਂ ਹਿੱਸਾ ਲੈ ਸਕਣ। ਇਹਨਾਂ ਖਿਡਾਰੀਆਂ ਦਾ ਦਾਖ਼ਲਾ ਕਰਨ ਵੇਲੇ ਕਾਲਜ ਵਿਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵਲੋਂ ਮਾਨਤਾ ਪ੍ਰਾਪਤ ਖੇਡਾਂ ਦਾ ਧਿਆਨ ਰੱਖਿਆ ਜਾਂਦਾ ਹੈ।

7. ਖਾੜਕੂਆਂ ਹੱਥੋਂ/ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 50% ਨਕਾਰਾ ਹੋਏ ਵਿਅਕਤੀਆਂ/ਸਿੱਖ ਪ੍ਰਵਾਸੀਆਂ, ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖ਼ਲਾ ਫਾਰਮ ਨਾਲ ਸੰਬੰਧਿਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੇ ਸ਼ਨਾਖ਼ਤੀ ਕਾਰਡ/ਸਰਟੀਫਿਕੇਟ ਦੀ ਫੋਟੋ ਕਾਪੀ ਲਾਉਣੀ ਜ਼ਰੂਰੀ ਹੈ।

8. ਸੁਤੰਤਰਾ ਸੰਗਰਾਮੀ ਜੋ ਪੈਨਸ਼ਨਰ ਜਾਂ ਤਾਮਰ-ਪੱਤਰ ਪ੍ਰਾਪਤ ਹੋਣ, ਦੇ ਬੱਚਿਆਂ, ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਨੂੰ ਰਿਜ਼ਰਵ ਸੀਟ ਦਾ ਕਲੇਮ ਕਰਨ ਲਈ ਜ਼ਿਲੇ ਦੇ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਫੋਟੋ ਕਾਪੀ ਦਾਖਲਾ ਫਾਰਮ ਨਾਲ ਲਗਾਉਣੀ ਜ਼ਰੂਰੀ ਹੈ। ਸਬੰਧਤ ਰਿਸ਼ਤੇ ਦਾ ਸਬੂਤ ਦੇਣਾ ਲਾਜ਼ਮੀ ਹੋਵੇਗਾ।

9. ਇਕਲੌਤੀ ਧੀ ਜਾਂ ਕੇਵਲ ਦੋ ਧੀਆਂ ਵਿੱਚੋਂ ਇੱਕ ਧੀ ਹੋਣ ਸਬੰਧੀ ਪਿਤਾ-ਮਾਤਾ ਵੱਲੋਂ ਸਵੈ-ਤਸਦੀਕਸ਼ੁਦਾ ਹਲਫੀਆ ਬਿਆਨ ਲਗਾਉਣਾ ਜ਼ਰੂਰੀ ਹੈ।

10. ਏਡਜ਼-ਕੈਂਸਰ ਜਾਂ ਥੈਲੇਸੀਮੀਆ ਦੀ ਬਿਮਾਰੀ ਤੋਂ ਪੀੜ੍ਹਤ ਬਿਨੈਕਾਰ ਲਈ ਆਪਣੀ ਬਿਮਾਰੀ ਸਬੰਧੀ ਸਿਵਲ ਸਰਜਨ ਵੱਲੋਂ ਜਾਰੀ ਸਰਟੀਫਿਕੇਟ ਦੀ ਸਵੈ-ਤਸਦੀਕਸ਼ੁਦਾ ਫੋਟੋ ਕਾਪੀ ਲਗਾਉਣੀ ਜ਼ਰੂਰੀ ਹੈ।

11. ਪੇਂਡੂ ਖੇਤਰ ਦੇ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਵਾਧੂ ਸੀਟਾਂ ਲਈ ਵਿਚਾਰਿਆ ਜਾਵੇਗਾ ਜਿਨ੍ਹਾਂ ਨੇ ਮੈਟ੍ਰਿਕ ਅਤੇ ਬਾਰ੍ਹਵੀਂ ਕਲਾਸ ਉਨ੍ਹਾਂ ਪੇਂਡੂ ਸਕੂਲਾਂ ਤੋਂ ਪਾਸ ਕੀਤੀ ਹੋਵੇ ਜਿਹੜੇ ਕਿ ਕਿਸੇ ਵੀ ਮਿਊਂਸਪਲ ਕਾਰਪੋਰੇਸ਼ਨ / ਮਿਊਂਸਪਲ ਕਮੇਟੀ / ਛੋਟਾ ਸ਼ਹਿਰ/ ਨੋਟੀਫਾਈਡ ਏਰੀਆ ਦੇ ਤਹਿਤ ਨਹੀਂ ਆਉਂਦੇ ਅਤੇ ਅਜਿਹੇ ਵਿਦਿਆਰਥੀਆਂ ਨੇ ਆਪਣਾ ਅਖੀਰਲਾ ਇਮਿਤਿਹਾਨ ਪੇਂਡੂ ਸਕੂਲ ਤੋਂ ਪਾਸ ਕਰਨ ਤੋਂ ਪਹਿਲਾਂ ਘੱਟੋ-ਘੱਟ ਪੰਜ ਸਾਲ ਪੇਂਡੂ ਸਕੂਲ ਵਿੱਚ ਪੜ੍ਹਾਈ ਜ਼ਰੂਰ ਕੀਤੀ ਹੋਵੇ। ਅਜਿਹੇ ਵਿਦਿਆਰਥੀ ਨੂੰ ਡੀ.ਈ.ਓ. / ਪ੍ਰਿੰਸੀਪਲ ਵੱਲੋਂ ਜਾਰੀ ਸਰਟੀਫਿਕੇਟ ਲਗਾਉਣਾ ਪਵੇਗਾ ਜਿਸ ਵਿੱਚ ਇਸ ਤੱਥ ਦਾ ਇੰਦਰਾਜ ਹੋਵੇਗਾ ਕਿ ਸਬੰਧਤ ਸਕੂਲ ਪੇਂਡੂ ਖੇਤਰ ਦੇ ਅੰਤਰਗਤ ਆਉਂਦਾ ਹੈ।

12. ਸਰਹੱਦੀ ਖੇਤਰ ਦੇ ਕੇਵਲ ਉਨ੍ਹਾ ਵਿਦਿਆਰਥੀਆਂ ਨੂੰ ਹੀ ਵਾਧੂ ਸੀਟ ਲਈ ਵਿਚਾਰਿਆ ਜਾਵੇਗਾ ਜਿਨਾਂ ਨੇ ਮੈਟ੍ਰਿਕ ਅਤੇ ਬਾਰ੍ਹਵੀਂ ਕਲਾਸ ਅਜਿਹੇ ਸਕੂਲ ਤੋਂ ਪਾਸ ਕੀਤੀ ਹੋਵੇ ਜਿਹੜੇ ਕਿ ਅੰਤਰਰਾਸ਼ਟਰੀ ਸੀਮਾਂ ਦੇ 20 ਕਿਲੋਮੀਟਰ ਦੇ ਦਾਇਰੇ ਵਿੱਚ ਸਥਿਤ ਹੋਣ। ਅਜਿਹੇ ਵਿਦਿਆਰਥੀਆਂ ਨੂੰ ਇਲਾਕੇ ਦੇ ਤਹਿਸੀਲਦਾਰ ਜਾਂ ਸਕੂਲ ਦੇ ਪ੍ਰਿੰਸੀਪਲ ਵੱਲੋਂ ਜ਼ਾਰੀ ਸਰਟੀਫਕੇਟ ਲਗਾਉਣਾ ਪਵੇਗਾ ਜਿਸ ਵਿੱਚ ਇਸ ਤੱਥ ਦਾ ਇੰਦਰਾਜ ਹੋਵੇਗਾ ਕਿ ਸਬੰਧਤ ਸਕੂਲ ਬਾਰਡਰ ਖੇਤਰ ਦੇ ਅੰਤਰਗਤ ਆਉਂਦਾ ਹੈ।

13. ਵਿਦਿਆਰਥੀ ਜਿਨ੍ਹਾਂ ਵਰਗਾਂ ਲਈ ਰਾਖਵੀਂ ਸੀਟ ਦਾ ਦਾਅਵਾ ਪੇਸ਼/ਪ੍ਰਗਟ ਕਰਨਗੇ, ਉਹਨਾਂ ਸੰਬੰਧੀ ਜ਼ਰੂਰੀ ਦਸਤਾਵੇਜ਼ ਪਹਿਲਾਂ ਹੀ ਨੱਥੀ ਕਰਨੇ ਜ਼ਰੂਰੀ ਹੋਣਗੇ। ਭਿੰਨ-ਭਿੰਨ ਵਰਗਾਂ ਦਾ ਦਾਅਵਾ ਕਰਨ ਲਈ ਵੱਖਰੇ-ਵੱਖਰੇ ਦਾਖ਼ਲਾ ਫਾਰਮ ਭਰੇ ਜਾਣ।

## ਫ਼ੀਸ ਮੁਆਫ਼ੀ

**ਲੋੜਵੰਦ ਵਿਦਿਆਰਥੀਆਂ ਦੀ ਫੀਸ ਹੇਠ ਲਿਖੇ ਅਨੁਸਾਰ ਮੁਆਫ ਹੋ ਸਕਦੀ ਹੈ :**

1. ਗਰੀਬੀ ਦੇ ਆਧਾਰ ਉੱਤੇ ਕਲਾਸ ਵਿੱਚਲੀ ਸੰਖਿਆ ਦੇ 10 ਪ੍ਰਤੀਸ਼ਤ ਵਿਦਿਆਰਥੀਆਂ ਦੀ ਟਿਊਸ਼ਨ ਫੀਸ 50 ਪ੍ਰਤੀਸ਼ਤ ਮੁਆਫ਼ ਹੋ ਸਕਦੀ ਹੈ।
2. ਜੇ ਕਿਸੇ ਵਿਦਿਆਰਥੀ ਦਾ ਵੱਡਾ ਭਰਾ ਜਾਂ ਭੈਣ ਇਸੇ ਕਾਲਜ ਵਿੱਚ ਪੜ੍ਹਦਾ ਹੈ ਤਾਂ ਉਸਦੀ ਟਿਊਸ਼ਨ ਫੀਸ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ 50 ਪ੍ਰਤੀਸ਼ਤ ਘੱਟ ਲਈ ਜਾਵੇਗੀ।
3. ਵਿਦਿਆਰਥੀ ਸਹਾਇਤਾ ਫੰਡ ਅਤੇ ਰੈੱਡ ਕਰਾਸ ਫੰਡ ਵਿੱਚੋਂ ਵੀ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਹਾਇਤਾਂ ਵਿਦਿਆਰਥੀਆਂ ਦੀਆਂ ਫ਼ੀਸਾਂ, ਪੁਸਤਕਾਂ, ਕੱਪੜੇ ਤੇ ਦਵਾਈਆਂ ਦੇ ਖ਼ਰਚੇ ਲਈ ਨਿਰਧਾਰਤ ਕਮੇਟੀ ਦੀ ਸਿਫਾਰਸ਼ 'ਤੇ ਮਿਲਦੀ ਹੈ।
4. ਕਾਲਜ ਵਿੱਚ ਦਾਖਲ ਹੋਣ ਵਾਲੇ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਨੇਤਰਹੀਣ ਵਿਦਿਆਰਥੀਆਂ ਤੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ। ਉਸਦੀ ਜ਼ਰੂਰਤ ਅਨੁਸਾਰ ਹੋਸਟਲ ਦੀ ਸਹੂਲਤ ਮੁਫਤ ਦਿੱਤੀ ਜਾਵੇਗੀ।
5. ਕੋਵਿਡ–19 ਦੌਰਾਨ ਜਿਹਨਾ ਵਿਦਿਆਰਥੀਆਂ ਦੇ ਮਾਤਾ ਪਿਤਾ / ਕਮਾਉ ਵਿਅਕਤੀ ਦੀ ਮੌਤ ਹੋ ਜਾਣ ਕਾਰਨ ਪੂਰੀ ਫੀਸ ਗਰੈਜੂਏਟ ਪੱਧਰ ਤੱਕ ਮੁਆਫ਼ ਕੀਤੀ ਜਾਵੇਗੀ।
6. ਕਾਰਗਿਲ ਵਾਰ ਵਿੱਚ ਸ਼ਹੀਦ ਪਰਿਵਾਰਾਂ ਦੇ ਜਾਂ 80% ਤੋਂ ਵੱਧ ਅਪਾਹਜ ਸੈਨਿਕ ਦੇ ਬੱਚਿਆਂ ਦੀ ਫੀਸ (ਸਣੇ ਹੋਸਟਲ ਫੀਸ) ਮੁਆਫ। ਸਮਰੱਥ ਅਧਿਕਾਰੀ ਤੋਂ ਸਰਟੀਫਿਕੇਟ ਜਾਰੀ ਹੋਇਆ ਹੋਣਾ ਚਾਹੀਦਾ ਹੈ। ਪੈਨਸ਼ਨ ਬੁੱਕ ਵਿਚ ਦਰਜ ਹੋਣ ਉਪਰੰਤ। (ਹਵਾਲਾ ਪੰਜਾਬ ਯੂਨੀ. ਚੰਡੀਗੜH, No. Misc/A-1/28522-28821 ਮਿਤੀ 9/7/2021)

## ਵਜ਼ੀਫੇ

ਵਿਦਿਆਰਥੀਆਂ ਨੂੰ ਹੇਠ ਲਿਖੇ ਵਜ਼ੀਫੇ ਅਤੇ ਰਿਆਇਤਾਂ ਪ੍ਰਾਪਤ ਹੋ ਸਕਦੀਆਂ ਹਨ ਇਸ ਲਈ ਉਹਨਾਂ ਨੂੰ ਨਿਸ਼ਚਿਤ ਫਾਰਮਾਂ ਉੱਪਰ ਸਮੇਂ ਸਿਰ ਅਰਜ਼ੀਆਂ ਦੇਣੀਆਂ ਚਾਹੀਦੀਆਂ ਹਨ। ਸਰਕਾਰ ਦੀ ਮਰਜ਼ੀ ਅਨੁਸਾਰ ਕੋਈ ਵਜ਼ੀਫਾ ਵਾਪਿਸ ਵੀ ਲਿਆ ਜਾ ਸਕਦਾ ਹੈ।

1. **ਯੂਨੀਵਰਸਿਟੀ ਵਜ਼ੀਫੇ :** ਜੋ ਪੰਜਾਬ ਯੂਨੀਵਰਸਿਟੀ ਵੱਲੋਂ ਮੈਰਿਟ ਦੇ ਅਧਾਰ 'ਤੇ ਮਿਲਦੇ ਹਨ।
2. **ਪੰਜਾਬ ਸਿੱਖਿਆ ਵਿਭਾਗ ਦੇ ਵਜ਼ੀਫੇ :** ਜੋ ਪੰਜਾਬ ਸਰਕਾਰ ਵੱਲੋਂ ਮੈਰਿਟ ਦੇ ਅਧਾਰ 'ਤੇ ਮਿਲਦੇ ਹਨ।
3. **ਨੈਸ਼ਨਲ ਸਕਾਲਰਸ਼ਿਪ :** ਜੋ ਕੇਂਦਰ ਸਰਕਾਰ ਵੱਲੋਂ ਮੈਰਿਟ ਦੇ ਅਧਾਰ ਉੱਪਰ ਦਿੱਤੇ ਜਾਂਦੇ ਹਨ।
4. **ਪੱਟੀਦਾਰ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਵਜ਼ੀਫੇ :** ਜੋ ਭਾਰਤ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ।
5. ਰਾਜ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਲਈ ਵਜ਼ੀਫੇ।
6. **ਨੈਸ਼ਨਲ ਲੋਨ ਸਕਾਲਰਸ਼ਿਪ :** ਜੋ ਕਿ 50 ਪ੍ਰਤੀਸ਼ਤ ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਅਜਿਹੇ ਵਿਦਿਆਰਥੀਆਂ ਨੂੰ ਮੈਰਿਟ ਦੇ ਅਧਾਰ ਉਪਰ ਮਿਲ ਸਕਦੇ ਹਨ, ਜਿਨ੍ਹਾਂ ਦੇ ਮਾਪਿਆਂ ਦੀ ਕੁੱਲ ਸਲਾਨਾ ਆਮਦਨ 2,50,000/– ਰੁਪਏ ਤੋਂ ਵੱਧ ਨਹੀਂ ਹੈ। ਇਹ ਵਜੀਫੇ ਦੀ ਰਕਮ ਵਿਆਜ ਮੁਕਤ ਹੁੰਦੀ ਹੈ ਜੋ ਕੋਰਸ ਖ਼ਤਮ ਹੋਣ ਤੋਂ ਤਿੰਨ ਸਾਲ ਪਿੱਛੋਂ ਕਿਸ਼ਤਾਂ ਦੁਆਰਾ ਵਾਪਿਸ ਕੀਤੀ ਜਾ ਸਕਦੀ ਹੈ।
7. **ਰਾਜਨੀਤਿਕ ਪੀੜ੍ਹਤਾਂ ਦੇ ਬੱਚਿਆ ਲਈ ਵਜ਼ੀਫੇ ਤੇ ਪੁਸਤਕ ਗਰਾਂਟ :** ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਵਿਮੁਕਤ ਜਾਤੀਆਂ ਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਨੂੰ ਕਾਲਜ/ਯੂਨੀਵਰਸਿਟੀ ਪੱਧਰ 'ਤੇ ਪੜ੍ਹਾਈ ਲਈ ਸਹੂਲਤਾਂ ਅਤੇ ਸਕੀਮਾਂ ਹਨ।
8. **ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ:** ਭਾਰਤ ਸਰਕਾਰ ਦੀ ਇਸ ਸਕੀਮ ਅਧੀਨ ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਪੱਕੇ ਵਸਨੀਕ, ਭਾਰਤ ਦੇ ਕਿਸੇ ਹਿੱਸੇ ਵਿੱਚ ਮੈਟ੍ਰਿਕ/ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਵਜ਼ੀਫੇ ਦੀ ਪ੍ਰਾਪਤੀ ਦੇ ਹੱਕਦਾਰ ਹਨ। ਇਨ੍ਹਾਂ ਦੇ ਪਰਿਵਾਰ ਦੀ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2,50,000/– ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ। (ਇਸ ਸਬੰਧੀ ਹੋਰ ਜਾਣਕਾਰੀ ਕਾਲਜ ਦਫਤਰ ਦੀ ਲੇਖਾ ਸ਼ਾਖਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।)
9. **ਸਟੇਟ ਅਨੁਸੂਚਿਤ ਜਾਤੀ ਕਿਸਮ:** ਅਨੁਸੂਚਿਤ ਜਾਤੀ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਜੋ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਦੇ ਨਾਲ ਪੰਜਾਬ ਦੇ ਕਾਲਜਾਂ/ਸੰਸਥਾਵਾਂ ਵਿੱਚ ਪੜ੍ਹ ਰਹੇ ਹੋਣ, ਇਸ ਸਕੀਮ ਅਧੀਨ ਭਲਾਈ ਫੰਡ ਮਨਜ਼ੂਰ ਕੀਤੇ ਜਾਂਦੇ ਹਨ। ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਨੂੰ ਵਜ਼ੀਫਾ ਦਿੱਤਾ ਜਾਂਦਾ ਹੈ, ਜਿਸ ਲਈ ਪਰਿਵਾਰ ਦੀ ਸਲਾਨਾ ਆਮਦਨ 2,50,000/– ਰੁਪਏ ਤੱਕ ਹੈ।

10. **ਘੱਟ ਆਮਦਨ ਵਰਗ ਵਜ਼ੀਫਾ:** ਇਹ ਵਜ਼ੀਫਾ ਉਸ ਵਿਦਿਆਰਥੀ ਨੂੰ ਦਿੱਤਾ ਜਾਂਦਾ ਹੈ, ਜੋ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਨਾ ਹੋਵੇ ਅਤੇ ਜਿਸਦੇ ਮਾਪਿਆਂ ਦੀ ਸਲਾਨਾ ਆਮਦਨ 2,50,000/- ਰੁਪਏ ਤੱਕ ਹੋਵੇ ।

11. **ਫ਼ੌਜੀ ਕਾਰਵਾਈ ਦੌਰਾਨ ਮਾਰੇ ਗਏ ਅਫ਼ਸਰਾਂ/ਕਰਮਚਾਰੀਆਂ ਦੇ ਬੱਚਿਆਂ ਲਈ ਰਿਆਇਤਾਂ :** ਹਿੰਦ-ਪਾਕਿ, ਹਿੰਦ-ਚੀਨ ਲੜਾਈ ਜਾਂ ਸ਼੍ਰੀਲੰਕਾ ਵਿੱਚ ਕਾਰਵਾਈ ਦੌਰਾਨ ਮਾਰੇ ਗਏ, ਅਪਾਹਜ ਹੋਏ ਫ਼ੌਜੀ ਅਤੇ ਨੀਮ ਫ਼ੌਜੀ ਅਫ਼ਸਰਾਂ-ਕਰਮਚਾਰੀਆਂ ਦੇ ਬੱਚਿਆਂ ਨੂੰ ਹੇਠ ਲਿਖੀਆਂ ਰਿਆਇਤਾਂ ਮਿਲਣਗੀਆਂ :
(ੳ) ਪੂਰੀ ਫੀਸ ਦੀ ਮੁਆਫ਼ੀ
(ਅ) ਹੋਸਟਲ ਖ਼ਰਚਿਆਂ ਤੋਂ ਮੁਆਫੀ
(ੲ) ਕਿਤਾਬ ਤੇ ਸਟੇਸ਼ਨਰੀ ਦਾ ਖ਼ਰਚ
(ਸ) ਜ਼ਰੂਰਤਮੰਦ ਵਿਦਿਆਰਥੀਆਂ ਨੂੰ ਹਰ ਪੱਖੋਂ ਸਹਾਇਤਾਂ ਦੇਣ ਦਾ ਯਤਨ ਕੀਤਾ ਜਾਂਦਾ ਹੈ ।

**ਨੋਟ :** ਅਜਿਹੇ ਵਜ਼ੀਫੇ ਦੇ ਇਛੁੱਕ ਵਿਦਿਆਰਥੀਆਂ ਦੀਆਂ ਅਰਜ਼ੀਆਂ ਕਾਲਜ ਦਾਖਲੇ ਦੇ ਇੱਕ ਹਫਤੇ ਦੇ ਅੰਦਰ ਕਾਲਜ ਦਫਤਰ ਵਿੱਚ ਪਹੁੰਚਣੀਆਂ ਚਾਹੀਦੀਆਂ ਹਨ ਅਤੇ ਇਸ ਨਾਲ ਹੀ ਅਕਾਊਂਟ ਖੋਲ੍ਹਣ ਦੀ ਸਲਿੱਪ ਵੀ ਲੱਗਣੀ ਜ਼ਰੂਰੀ ਹੈ। (ਬੈਂਕ ਦਾ ਕੋਡ ਨੰ: ਵੀ ਦਿੱਤਾ ਜਾਵੇ।)

## ਸਹੂਲਤਾਂ

(1) **ਕਰੀਅਰ ਗਾਈਡੈਂਸ ਅਤੇ ਪਲੇਸਮੈਂਟ ਸੈਲ :**
ਕਾਲਜ ਵਿੱਚ ਵਿਦਿਆਰਥੀਆਂ ਨੂੰ ਆਪਣਾ ਕੈਰੀਅਰ ਚੁਣਨ ਸਮੇਂ ਮਿੱਥੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਲਾਹ ਦੇਣ ਲਈ ਇੱਕ ਕੈਰੀਅਰ ਗਾਈਡੈਂਸ ਵਿੰਗ ਦਾ ਪ੍ਰਬੰਧ ਹੈ। ਭਿੰਨ-ਭਿੰਨ ਕਿੱਤਾਕਾਰੀ ਜਾਂ ਆਮ ਕੋਰਸਾਂ ਵਿੱਚ ਦਾਖ਼ਲੇ ਸਬੰਧੀ ਜਾਂ ਨੌਕਰੀਆਂ ਆਦਿ ਸਬੰਧੀ ਸੂਚਨਾ ਇੱਥੋ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਬਿਊਰੋ ਭਿੰਨ-ਭਿੰਨ ਕੈਰੀਅਰ ਵਿਸ਼ਿਆਂ ਸਬੰਧੀ ਸੈਮੀਨਾਰਾਂ ਅਤੇ ਭਾਸ਼ਣਾਂ ਆਦਿ ਦਾ ਵੀ ਆਯੋਜਨ ਕਰਦਾ ਹੈ ।

(2) **ਕਾਲਜ ਲਾਇਬ੍ਰੇਰੀ :**
ਸਵੇਰ ਅਤੇ ਸ਼ਾਮ ਦੇ ਵਿਦਿਆਰਥੀਆਂ ਲਈ INFLIBNET ਈ-ਸਰੋਤ ਦੇ ਨਾਲ-ਨਾਲ ਸੁਚੱਜੇ ਢੰਗ ਨਾਲ ਸਟਾਕ ਕੀਤੀ ਹੋਈ ਕੰਪਿਊਟਰਾਈਜ਼ ਲਾਇਬ੍ਰੇਰੀ ਵਿੱਚ 1,07613 ਕਿਤਾਬਾਂ, 60 ਰਸਾਲੇ, 22 ਅਖ਼ਬਾਰਾਂ ਅਤੇ 30 ਲੱਖ ਈ-ਸਰੋਤ ਦੀ ਸੁਵਿਧਾ ਉਪਲੱਬਧ ਹੈ। ਵਿਦਿਆਰਥੀਆਂ ਅਤੇ ਸਟਾਫ਼ ਲਈ ਆਨਲਾਇਨ ਪੁਸਤਕਾਂ ਸਰਚ ਕਰਨ ਲਈ **KOHA APP** ਤੋਂ **QR CODE** ਰਾਂਹੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਵਿਦਿਆਰਥੀ ਪੁਸਤਕਾਂ ਨੂੰ ਵੱਧ ਤੋਂ ਵੱਧ 14 ਦਿਨ ਲਈ ਕੋਲ ਰੱਖ ਸਕਦੇ ਹਨ। ਇਸ ਤੋਂ ਬਾਅਦ ਪ੍ਰਤੀ ਦਿਨ 50 ਪੈਸੇ ਦੇ ਹਿਸਾਬ ਨਾਲ ਜੁਰਮਾਨਾ ਲਗਾਇਆ ਜਾਂਦਾ ਹੈ। ਕਿਤਾਬ ਦੇ ਪੰਨਾ ਮੋੜਨਾ, ਪਾੜ੍ਹਨਾ ਜਾਂ ਕਿਤਾਬ 'ਤੇ ਨਿਸ਼ਾਨੀ ਲਗਾਉਣਾ ਆਦਿ ਮਨ੍ਹਾ ਹੈ। ਜੇਕਰ ਕੋਈ ਵਿਦਿਆਰਥੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸਨੂੰ ਕਿਤਾਬ ਦੀ ਕੀਮਤ ਤੋਂ ਇਲਾਵਾ ਜੁਰਮਾਨਾ ਵੀ ਦੇਣਾ ਪੈਂਦਾ ਹੈ ।

(3) **ਕਾਲਜ ਮੈਗਜ਼ੀਨ 'ਸਤਲੁਜ' :**
ਕਾਲਜ ਮੈਗਜ਼ੀਨ 'ਸਤਲੁਜ' ਵਿਦਿਆਰਥੀਆਂ ਦੇ ਸਾਹਿਤਕ ਸਵੈ-ਪ੍ਰਗਟਾਵੇ ਦਾ ਉਸਾਰੂ ਮਾਧਿਅਮ ਹੈ। ਪੰਜਾਬੀ, ਹਿੰਦੀ, ਅੰਗਰੇਜ਼ੀ, ਸੰਸਕ੍ਰਿਤ, ਪਲੈਨਿੰਗ ਫੋਰਮ, ਕਾਮਰਸ ਅਤੇ ਬਿਜ਼ਨਸ ਮੈਨੇਜਮੈਂਟ, ਜਨਰਲ ਸਾਇੰਸ ਅਤੇ ਕਾਲਜ ਪੈਨੋਰਮਾ ਇਸਦੇ ਵਿਭਿੰਨ ਭਾਗ ਹਨ, ਜਿਹਨਾਂ ਦੇ ਵਿਦਿਆਰਥੀ ਸੰਪਾਦਕਾਂ ਅਤੇ ਸਹਿ-ਸੰਪਾਦਕਾਂ ਦੀ ਚੋਣ ਸਬੰਧਤ ਪ੍ਰੋਫ਼ੈਸਰ ਸਾਹਿਬਾਨ ਲਿਖਤੀ ਟੈਸਟ ਦੇ ਅਧਾਰ ਤੇ ਕਰਦੇ ਹਨ। ਵੱਖ-ਵੱਖ ਭਾਗਾਂ ਦੀਆਂ ਸਰਵੋਤਮ ਰਚਨਾਵਾਂ ਲਈ ਹਰ ਸਾਲ ਪੁਰਸਕਾਰ ਦਿੱਤੇ ਜਾਂਦੇ ਹਨ ।

(4) **ਯੂਥਕੁਏਕ ਨਿਊਜ਼ ਲੈਟਰ :** ਕਾਲਜ ਵੱਲੋਂ ਚਲਾਏ ਜਾ ਰਿਹੇ ਯੂਥਕੁਏਕ ਨਿਓਜ਼ ਲੈਟਰ ਵਿੱਚ ਸਾਹਿਤਕ, ਸਭਿਆਚਾਰਕ ਅਕਾਦਿਮਕ ਗਤੀਵਿਧੀਆਂ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਛਾਪਿਆ ਜਾਦਾ ਹੈ।

(5) **ਖੇਡ ਸਹੂਲਤਾਂ ਅਤੇ ਜਿਮਨੇਜ਼ੀਅਮ:**
ਕਾਲਜ ਵਿੱਚ ਹੈਂਡਬਾਲ, ਬਾਸਕਿਟਬਾਲ, ਵਾਲੀਬਾਲ, ਖੋ-ਖੋ, ਸਾਈਕਲਿੰਗ, ਤਾਈਕਵਾਂਡੋ ਆਦਿ ਅਤੇ ਅਥਲੈਟਿਕਸ ਦੀਆਂ ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਹੈ। ਖੇਡਾਂ ਵਿੱਚ ਅੰਤਰ ਕਾਲਜ, ਅੰਤਰ ਯੂਨੀਵਰਸਿਟੀ ਅਤੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਦੇ ਮੌਕੇ

ਉਪਲੱਬਧ ਹਨ। ਵਿਸ਼ਾਲ ਅਤੇ ਸਾਫ-ਸੁਥਰੇ ਖੇਡ ਮੈਦਾਨਾਂ ਤੋਂ ਇਲਾਵਾ ਕਾਲਜ ਵਿਚ ਇੱਕ ਆਧੁਨਿਕ ਜ਼ਿਮਨੇਜ਼ੀਅਮ ਵੀ ਹੈ।

**(6) ਕਾਲਜ ਹੋਸਟਲ :**

ਕਾਲਜ ਵਿਖੇ ਲੜਕਿਆਂ ਅਤੇ ਲੜਕੀਆਂ ਦੇ ਰਹਿਣ ਲਈ ਵੱਖ-ਵੱਖ ਹੋਸਟਲਾਂ ਦੀ ਸੁਵਿਧਾ ਉਪਲੱਬਧ ਹੈ। ਹੋਸਟਲ ਨਿਯਮਾਂਵਲੀ ਹੋਸਟਲ ਦੇ ਦਾਖਲਾ ਫਾਰਮ ਵਿੱਚ ਦਰਜ ਹੈ। ਇਹ ਫਾਰਮ ਹੋਸਟਲ ਕਲਰਕ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

**(7) ਕਾਲਜ ਕੰਟੀਨ / ਕੈਫੇਟੇਰੀਆ:**

ਕੈਂਪਸ ਦੇ ਵਿਦਿਆਰਥੀਆਂ ਲਈ ਬੈਠਣ ਅਤੇ ਖਾਣ-ਪੀਣ ਲਈ ਸਾਫ਼-ਸੁਥਰੀ ਕੰਟੀਨ ਅਤੇ ਕੈਫੇਟੇਰੀਆ ਉਪਲੱਬਧ ਹੈ। ਇਸ ਵਿੱਚ ਲੜਕੇ, ਲੜਕੀਆਂ ਅਤੇ ਸਟਾਫ ਅਧਿਕਾਰੀਆਂ ਦੇ ਬੈਠਣ ਲਈ ਵੱਖ-ਵੱਖ ਸਥਾਨ ਉਪਲੱਬਧ ਹਨ। ਕੰਟੀਨ ਦੀ ਸਹੂਲਤ ਸ਼ਾਮ ਦੇ ਵਿਦਿਆਰਥੀਆਂ ਲਈ ਵੀ ਹੈ।

**(8) ਵਿਭਾਗੀ-ਐਸੋਸੀਏਸ਼ਨ/ਸੁਸਾਇਟੀ/ਕਲੱਬ :**

ਵੱਖ-ਵੱਖ ਵਿਭਾਗਾਂ ਵਿੱਚ ਹੇਠ ਲਿਖੀਆਂ ਐਸੋਸੀਏਸ਼ਨ/ਸੁਸਾਇਟੀਆਂ ਅਤੇ ਕਲੱਬ ਚੱਲਦੇ ਹਨ, ਜੋ ਸਮੇਂ-ਸਮੇਂ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕਰਦੇ ਰਹਿੰਦੇ ਹਨ।

(ੳ) ਬਿਜਨੈੱਸ ਇਨੋਵੇਸ਼ਨਜ਼ ਕਲੱਬ
(ਅ) ਪੰਜਾਬੀ ਸਾਹਿਤ ਸਭਾ
(ੲ) ਇੰਗਲਿਸ਼ ਲਿਟਰੇਰੀ ਕਲੱਬ
(ਸ) ਹਿੰਦੀ ਸਾਹਿਤ ਸਭਾ
(ਹ) ਜੌਗਰਫ਼ੀ ਐਸੋਸੀਏਸ਼ਨ
(ਕ) ਫਿਜ਼ਿਕਸ ਸੋਸਾਇਟੀ
(ਖ) ਇਕਨੋਮਿਕਸ ਐਸੋਸੀਏਸ਼ਨ

**(9) ਮਾਪੇ-ਅਧਿਆਪਕ ਸੰਸਥਾ :**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਕਾਲਜ ਵਿੱਚ ਮਾਪੇ-ਅਧਿਆਪਕ ਸੰਸਥਾ (ਪੀ.ਟੀ.ਏ.) ਵੀ ਚੱਲ ਰਹੀ ਹੈ। ਸਭ ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਅਤੇ ਅਧਿਆਪਕ ਇਸ ਦੇ ਮੈਂਬਰ ਹਨ। ਹਰ ਸਾਲ ਇਹ ਆਪਣੇ 'ਚੋਂ ਭਿੰਨ-ਭਿੰਨ ਅਹੁਦੇਦਾਰ ਚੁਣਦੇ ਹਨ। ਇਸ ਸੰਸਥਾ ਰਾਹੀ ਪੀ.ਟੀ.ਏ. ਦਾ ਫੰਡ ਵਿਦਿਆਰਥੀਆਂ ਦੀ ਭਲਾਈ ਲਈ ਵਰਤਣ ਦੀਆਂ ਸਕੀਮਾਂ ਤਿਆਰ ਅਤੇ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

**(10) ਟਿਊਟੋਰੀਅਲ ਅਤੇ ਬੱਡੀ ਗਰੁੱਪ :**

ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਨੇੜਤਾ ਵਧਾਉਣ ਲਈ ਕਾਲਜ ਵਿੱਚ ਟਿਊਟੋਰੀਅਲ ਅਤੇ ਬੱਡੀ ਗਰੁੱਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਹਰ ਵਿਦਿਆਰਥੀ ਲਈ ਇਹਨਾਂ ਦੀਆਂ ਹਾਜ਼ਰੀਆਂ ਜ਼ਰੂਰੀ ਹਨ ।ਵਿਦਿਆਰਥੀ ਦੀ ਹਰ ਕਿਸਮ ਦੀ ਅਰਜ਼ੀ ਉਪਰ ਟਿਊਟਰ ਦੇ ਦਸਤਖ਼ਤ ਹੋਣਾ ਜ਼ਰੂਰੀ ਹਨ।

**(11) ਪਾਰਕਿੰਗ ਸਹੂਲਤ:**

ਵਿਦਿਆਰਥੀਆਂ ਲਈ ਸਾਇਕਲ/ਸਕੂਟਰ/ਮੋਟਰ ਸਾਇਕਲ/ਮੋਪੇਡ ਰੱਖਣ ਦਾ ਢੁਕਵਾਂ ਪ੍ਰਬੰਧ ਹੈ। ਲੜਕਿਆਂ ਅਤੇ ਲੜਕੀਆਂ ਲਈ ਪਾਰਕਿੰਗ ਅਲੱਗ-ਅਲੱਗ ਹੈ। ਵਿਦਿਆਰਥੀਆਂ ਨੂੰ ਕਾਰ ਲਿਆਉਣ ਦੀ ਆਗਿਆ ਨਹੀਂ ਹੈ।

**(12) ਡਾਕਟਰੀ ਸਹੂਲਤ :**

ਵਿਦਿਆਰਥੀਆਂ ਲਈ ਕਾਲਜ ਵਿੱਚ ਮੁੱਢਲੀ ਡਾਕਟਰੀ ਸਹੂਲਤ ਦਾ ਢੁਕਵਾਂ ਪ੍ਰਬੰਧ ਹੈ।

**(13) ਵਾਈ-ਫਾਈ ਸਹੂਲਤ :**

ਵਿਦਿਆਰਥੀਆਂ ਨੂੰ ਇੰਟਰਨੈਟ ਨਾਲ ਜੋੜਨ ਲਈ ਕਾਲਜ ਵਿਚ ਵੱਖ-ਵੱਖ ਥਾਵਾਂ ਤੇ ਵਾਈ-ਫਾਈ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ।

**(14) ਗਰਲਜ਼ ਕਾਮਨ ਰੂਮ :**

ਲੜਕੀਆਂ ਲਈ ਕਾਲਜ ਵਿੱਚ ਬੈਠਣ ਲਈ ਗਰਲਜ਼ ਕਾਮਨ ਰੂਮ ਦੀ ਵਿਵਸਥਾ ਕੀਤੀ ਗਈ ਹੈ।

**(15) ਓਪਨ ਏਅਰ ਥਿਏਟਰ :**

ਕਾਲਜ ਕੈਂਪਸ ਵਿੱਚ ਓਪਨ ਏਅਰ ਥੀਏਟਰ ਵੀ ਹੈ, ਜਿੱਥੇ ਹਰ ਸਾਲ ਵਿਦਿਆਰਥੀ ਸਭਿਆਚਾਰਕ, ਸਾਹਿਤਕ ਅਤੇ ਅਕਾਦਮਿਕ ਗਤੀਵਿਧੀਆਂ ਕਰਦੇ ਹਨ।

**(16) ਇੰਸਟੀਟਿਊਸ਼ਨਲ ਇਨੋਵੇਸ਼ਨ ਕੌਂਸਲ:**

ਕਾਲਜ ਨੇ ਇੰਸਟੀਟਿਊਸ਼ਨਲ ਇਨੋਵੇਸ਼ਨ ਕੌਂਸਲ ਰਜਿਸਟਰ ਕਰਵਾ ਦਿੱਤੀ ਹੈ। ਇਹ ਇਸ ਕਾਲਜ ਦਾ ਇਕ ਉੱਤਮ ਅਤੇ ਵਿਲੱਖਣ ਉਪਰਾਲਾ ਹੈ। ਇਹ ਭਵਿੱਖ ਮੁਖੀ ਯੋਜਨਾ ਤਹਿਤ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਵਿੱਚ ਨਵੇਂ ਉਦਮ ਦੀ ਸ਼ੁਰੂਆਤ ਕਰੇਗਾ।

# ਰੋਲ ਆਫ ਆਨਰ, ਕਾਲਜ ਕਲਰ ਅਤੇ ਮੈਰਿਟ ਸਰਟੀਫਿਕੇਟਸ

## 1. ਵਿੱਦਿਅਕ :

(ੳ) *ਰੋਲ ਆਫ ਆਨਰ :* ਇਹ ਗਰੈਜੂਏਟ ਅਤੇ ਪੋਸਟ-ਗਰੈਜੂਏਟ (ਅੰਤਿਮ ਸਾਲ) ਦੇ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਯੂਨੀਵਰਸਿਟੀ ਵਿੱਚੋਂ ਪਹਿਲੀਆਂ ਪੰਜ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ ਹੋਣ।

(ਅ) *ਕਾਲਜ ਕਲਰ :* ਇਹ ਗਰੈਜੂਏਟ ਅਤੇ ਪੋਸਟ-ਗਰੈਜੂਏਟ ਕਲਾਸਾਂ (ਅੰਤਿਮ ਸਾਲ) ਦੇ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਯੂਨੀਵਰਸਿਟੀ ਵਿੱਚੋਂ ਛੇਵੀਂ ਤੋਂ ਦਸਵੀਂ ਪੁਜ਼ੀਸ਼ਨ ਪ੍ਰਾਪਤ ਕੀਤੀ ਹੋਵੇ।

ਜਾਂ

ਇਹ ਗਰੈਜੂਏਟ ਕਲਾਸਾਂ ਦੇ ਪਹਿਲੇ / ਦੂਜੇ ਸਾਲ ਅਤੇ ਪੋਸਟ ਗਰੈਜੂਏਟ ਕਲਾਸਾਂ ਦੇ ਪਹਿਲੇ ਸਾਲ ਦੇ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਯੂਨੀਵਰਸਿਟੀ ਵਿੱਚੋਂ ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ ਹੋਵੇ।

(ੲ) ਮੈਰਿਟ ਸਰਟੀਫਿਕੇਟ : ਇਹ ਗਰੈਜੂਏਟ ਅਤੇ ਪੋਸਟ-ਗਰੈਜੂਏਟ (ਅੰਤਿਮ ਸਾਲ) ਦੇ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ, ਜਿਨ੍ਹਾਂ ਨੇ ਕਾਲਜ ਵਿੱਚੋਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਪ੍ਰਾਪਤ ਕੀਤੀਆਂ ਹੋਣ।

## 2. ਖੇਡਾਂ :

(ੳ) ਰੋਲ ਆਫ ਆਨਰ : (ਹੇਠ ਲਿਖੀ ਇੱਕ ਜਾਂ ਇੱਕ ਤੋਂ ਵੱਧ ਸ਼੍ਰੇਣੀ ਲਈ)

1. ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਦੇ ਮੁਕਾਬਲੇ ਵਿੱਚ ਜੇਤੂ ਜਾਂ ਦੂਜੇ ਨੰਬਰ ਤੇ ਰਹਿਣ ਵਾਲੀ ਟੀਮ ਦੇ ਮੈਂਬਰਾਂ ਨੂੰ, ਵਿਅਕਤੀਗਤ ਮੁਕਾਬਲੇ ਦੀ ਸੂਰਤ ਵਿੱਚ ਸੀਨੀਅਰ ਨੈਸ਼ਨਲ ਪੱਧਰ ਉੱਤੇ ਪਹਿਲੇ, ਦੂਜੇ ਜਾਂ ਤੀਜੇ ਸਥਾਨ ਉੱਤੇ ਆਉਣ ਵਾਲੇ ਖਿਡਾਰੀ ਨੂੰ ਅਤੇ ਉਹ ਖਿਡਾਰੀ ਜੋ ਫੈਡਰੇਸ਼ਨ ਕੱਪ 'ਚ ਪਹਿਲਾ ਜਾਂ ਦੂਜਾ ਜਾਂ ਤੀਜਾ ਸਥਾਨ ਹਾਸਲ ਕਰੇ, ਨੂੰ ਮਿਲਦਾ ਹੈ। ਕ੍ਰਿਕਟ ਦੇ ਸਬੰਧ ਵਿੱਚ ਨਿਯਮ ਇਹ ਹੈ ਕਿ ਖਿਡਾਰੀ ਬੀ.ਸੀ.ਸੀ.ਆਈ. ਵੱਲੋਂ ਆਯੋਜਿਤ ਰਣਜੀ ਟਰਾਫੀ / ਦਲੀਪ ਟਰਾਫੀ / ਦੇਵਧਰ ਟਰਾਫੀ / ਵਿਜੈ ਟਰਾਫੀ / ਇਰਾਨੀ ਟਰਾਫੀ ਵਿਚ ਖੇਡਿਆ ਹੋਵੇ, ਜਾਂ ਰੋਹਿੰਟਨ ਬਰੀਆ ਟਰਾਫੀ ਵਿੱਚ ਜੇਤੂ ਜਾਂ ਰਨਰਜ਼-ਅਪ ਟੀਮ ਦਾ ਮੈਂਬਰ ਰਿਹਾ ਹੋਵੇ। ਖਿਡਾਰੀ ਸਾਰਾ ਸਾਲ ਸਮੇਂ ਸਿਰ ਗਰਾਊਂਡ ਵਿਚ ਖੇਡਦਾ ਅਤੇ ਲਗਾਤਾਰ ਚੰਗੇ ਵਤੀਰੇ ਦਾ ਸਬੂਤ ਵੀ ਦਿੰਦਾ ਰਿਹਾ ਹੋਵੇ।

(2) ਜੂਨੀਅਰ ਨੈਸ਼ਨਲ ਚੈਂਪੀਅਨਸ਼ਿਪ ਦੇ ਸਬੰਧ 'ਚ ਹੋਏ ਮੁਕਾਬਲੇ ਵਿਚ ਜੇਤੂ ਟੀਮ ਦੇ ਮੈਂਬਰ ਨੂੰ ਅਤੇ ਵਿਅਕਤੀਗਤ ਮੁਕਾਬਲੇ ਦੀ ਸੂਰਤ ਵਿੱਚ ਜੂਨੀਅਰ ਸਟੇਟ ਪੱਧਰ ਉੱਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ ਨੂੰ।

(3) ਸਰਵ-ਭਾਰਤੀ ਜਾਂ ਉੱਤਰੀ ਜ਼ੋਨ ਅੰਤਰ-ਵਰਸਿਟੀ ਚੈਂਪੀਅਨਸ਼ਿਪ ਦੀ ਜੇਤੂ ਜਾਂ ਦੂਜੇ ਸਥਾਨ ਤੇ ਆਉਣ ਵਾਲੀ ਟੀਮ ਦੇ ਸਾਰੇ ਮੈਂਬਰਾਂ ਨੂੰ ਅਤੇ ਅਜਿਹੇ ਵਿਅਕਤੀਗਤ ਮੁਕਾਬਲੇ ਵਿੱਚ ਪਹਿਲੇ ਜਾਂ ਦੂਜੇ ਸਥਾਨ ਤੇ ਆਏ ਖਿਡਾਰੀ ਨੂੰ।

(4) ਸੰਯੁਕਤ ਯੂਨੀਵਰਸਿਟੀ ਟੀਮ ਦੇ ਮੈਂਬਰਾਂ ਨੂੰ।

(5) ਰਾਜ (ਸੀਨੀਅਰ) ਜਾਂ ਯੂਨੀਵਰਸਿਟੀ ਜੇਤੂ ਟੀਮ ਦੇ ਕਪਤਾਨ ਨੂੰ।

(6) ਸਟੇਟ (ਜੂਨੀਅਰ) ਟੀਮ ਦੇ ਕਪਤਾਨ ਨੂੰ ਜਿਹੜੀ ਨੈਸ਼ਨਲ ਵਿੱਚ ਪਹਿਲੇ ਜਾਂ ਦੂਜੇ ਜਾਂ ਤੀਜੇ ਸਥਾਨ ਤੇ ਆਉਂਦੀ ਹੈ।

(7) ਯੂਨੀਵਰਸਿਟੀ ਜਾਂ ਸਟੇਟ ਚੈਂਪੀਅਨ ਵਿੱਚ ਨਵਾਂ ਰਿਕਾਰਡ ਸਥਾਪਤ ਕਰਨ ਵਾਲੇ ਖਿਡਾਰੀ ਨੂੰ।

(8) ਯੂਨੀਵਰਸਿਟੀ ਦੇ ਬੈਸਟ ਐਥਲੀਟ ਨੂੰ।

*ਸਟੇਟ / ਸੀਨੀਅਰ ਨੈਸ਼ਨਲ / ਜੂਨੀਅਰ ਨੈਸ਼ਨਲ ਆਦਿ ਵਿੱਚ ਜੇਤੂਆਂ ਨੂੰ ਰੋਲ ਆਫ ਆਨਰ ਤਾਂ ਹੀ ਦਿੱਤਾ ਜਾਵੇਗਾ ਜੇਕਰ ਖਿਡਾਰੀ ਯੂਨੀਵਰਸਿਟੀ ਟੀਮ ਦਾ ਵੀ ਮੈਂਬਰ ਰਿਹਾ ਹੋਵੇ।

(ਅ) ਕਾਲਜ ਕਲਰ : (ਹੇਠ ਲਿਖੀ ਇੱਕ ਜਾਂ ਇੱਕ ਤੋਂ ਵੱਧ ਸ਼੍ਰੇਣੀ ਲਈ)

(1) ਰਾਜ ਜਾਂ ਯੂਨੀਵਰਸਿਟੀ ਵਿੱਚ ਪ੍ਰਤੀਨਿਧਤਾ ਕਰਨ ਵਾਲੇ ਖਿਡਾਰੀ ਨੂੰ।

(2) ਸਟੇਟ / ਯੂਨੀਵਰਸਿਟੀ (ਸੀਨੀਅਰ ਚੈਂਪੀਅਨਸ਼ਿਪ) ਵਿੱਚ ਵਿਅਕਤੀਗਤ ਰੂਪ ਵਿੱਚ ਪਹਿਲੇ ਜਾਂ ਦੂਜੇ ਸਥਾਨ ਤੇ ਜਾਂ ਸਟੇਟ (ਜੂਨੀਅਰ ਚੈਂਪੀਅਨਸ਼ਿਪ) ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀ ਨੂੰ।

(3) ਟੀਮ ਖੇਡਣ ਦੀ ਸੂਰਤ ਵਿਚ ਪੰਜਾਬ ਯੂਨੀਵਰਸਿਟੀ / ਸਟੇਟ ਚੈਂਪੀਅਨਸ਼ਿਪ ਪਹਿਲੇ ਸਥਾਨ ਤੇ ਰਹਿਣ ਵਾਲੀ ਟੀਮ ਦੇ 75%, ਦੂਜੇ ਸਥਾਨ ਤੇ ਰਹਿਣ ਵਾਲੀ ਟੀਮ ਦੇ 50% ਅਤੇ ਤੀਜੇ ਸਥਾਨ ਤੇ ਰਹਿਣ ਵਾਲੀ ਟੀਮ ਦੇ 25% ਮੈਂਬਰ ਖਿਡਾਰੀਆਂ ਨੂੰ।

(4) ਕਾਲਜ ਦੇ ਸਰਵੋਤਮ ਐਥਲੀਟ ਨੂੰ, ਜੇ ਉਸਨੇ ਯੂਨੀਵਰਸਿਟੀ ਅਥਲੈਟਿਕ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।

(5) ਸਟੇਟ ਜੇਤੂ ਖਿਡਾਰੀ ਨੂੰ, ਜੇ ਉਸਨੇ ਯੂਨੀਵਰਸਿਟੀ ਅਥਲੈਟਿਕ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।

(6) ਵਿਅਕਤੀਗਤ ਖੇਡਾਂ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ।

**ਜੇ ਖਿਡਾਰੀ ਕਿਸੇ ਹੋਰ ਖੇਡ ਵਿੱਚ ਮਾਨਤਾ ਪ੍ਰਾਪਤ ਕਰੇ ਤਾਂ ਕਾਲਜ ਕਲਰ ਦੂਜੀ ਵਾਰ ਵੀ ਦਿੱਤਾ ਜਾ ਸਕਦਾ ਹੈ, ਇਹ ਜ਼ਰੂਰੀ ਹੈ ਕਿ ਉਹ ਸਾਰਾ ਸਾਲ ਸਮੇਂ ਸਿਰ ਗਰਾਉਂਡ ਵਿਚ ਖੇਡਦਾ ਅਤੇ ਲਗਾਤਾਰ ਚੰਗੇ ਵਤੀਰੇ ਦਾ ਸਬੂਤ ਵੀ ਦਿੰਦਾ ਰਿਹਾ ਹੋਵੇ।**

***ਕਾਲਜ ਕਲਰ ਜਾਂ ਰੋਲ ਆਫ਼ ਆਨਰ ਵਿਦਿਆਰਥੀ ਕਿਸੇ ਵੀ ਸਾਲ ਆਪਣੀਆਂ ਪ੍ਰਾਪਤੀ ਦੇ ਸਰਟੀਫਿਕੇਟ ਸਬੂਤ ਦੇ ਤੌਰ ਤੇ ਦੇ ਕੇ ਕਾਲਜ ਕਲਰ ਜਾਂ ਰੋਲ ਆਫ਼ ਆਨਰ ਲਈ ਆਪਣਾ ਦਾਅਵਾ ਪੇਸ਼ ਕਰ ਸਕਦਾ ਹੈ।**

## 3. ਸਭਿਆਚਾਰ/ਐਨ.ਸੀ.ਸੀ./ਐਨ.ਐਸ.ਐਸ./ਹੋਰ ਗਤੀਵਿਧੀਆਂ:

### (ੳ) ਰੋਲ ਆਫ ਆਨਰ (ਹੇਠ ਲਿਖਿਆਂ 'ਚੋਂ ਕਿਸੇ ਇੱਕ ਜਾਂ ਵੱਧ ਲਈ) :

(1) ਉਹ ਵਿਦਿਆਰਥੀ ਜਿਨ੍ਹਾਂ ਨੇ ਅੰਤਰ-ਰਾਸ਼ਟਰੀ ਸੰਸਥਾ/ਸੁਸਾਇਟੀ ਦੁਆਰਾ ਆਯੋਜਿਤ ਵਿਦਿਅਕ, ਸਭਿਆਚਾਰਕ ਜਾਂ ਸਮਾਜਿਕ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ ਜਾਂ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ ਹੋਵੇ।

(2) ਉਹ ਵਿਦਿਆਰਥੀ ਵਿਅਕਤੀਗਤ ਤੌਰ ਤੇ / ਟੀਮ ਮੈਂਬਰ ਦੇ ਤੌਰ ਤੇ / ਸਾਰੀ ਟੀਮ, ਜਿਸਨੇ ਅੰਤਰ ਯੂਨੀਵਰਸਿਟੀ / ਰਾਸ਼ਟਰੀ ਸਭਿਆਚਾਰਕ ਮੁਕਾਬਲਿਆਂ ਵਿੱਚ ਪਹਿਲਾ/ਦੂਜਾ/ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

(3) ਉਹ ਵਿਦਿਆਰਥੀ ਵਿਅਕਤੀਗਤ ਤੌਰ ਤੇ / ਟੀਮ ਮੈਂਬਰ ਦੇ ਤੌਰ ਤੇ / ਸਾਰੀ ਟੀਮ, ਜਿਸਨੇ ਅੰਤਰ ਜ਼ੋਨਲ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ। ਇਨ੍ਹਾਂ ਦਾ ਅੰਤਰ ਯੂਨੀਵਰਸਿਟੀ ਮੁਕਾਬਲਿਆਂ ਵਿੱਚ ਭਾਗ ਲੈਣਾ ਜ਼ਰੂਰੀ ਹੈ।

(4) ਉਹ ਵਿਦਿਆਰਥੀ ਜੋ ਅੱਗੇ ਭਾਗ (ਸ) ਵਿੱਚ ਦਰਜ਼ ਅੰਕਾਂ ਦੇ ਵੇਰਵੇ ਦੇ ਆਧਾਰ ਤੇ 20 ਅੰਕ ਪ੍ਰਾਪਤ ਕਰਦਾ ਹੈ।

(5) ਐਨ.ਐਸ.ਐਸ. ਅਤੇ ਯੁਵਕ ਸੇਵਾਵਾਂ ਦੇ ਰਾਸ਼ਟਰੀ ਪੱਧਰ ਦੇ ਕੈਂਪ ਵਿੱਚ ਉੱਤਮ ਵਲੰਟੀਅਰ ਘੋਸ਼ਿਤ ਹੋਏ ਵਿਦਿਆਰਥੀਆਂ ਨੂੰ।

(6) ਨਵੀਂ ਦਿੱਲੀ ਵਿਖੇ ਗਣਤੰਤਰ ਦਿਵਸ ਕੈਂਪ / ਪਰੇਡ ਵਿੱਚ ਭਾਗ ਲੈਣ ਵਾਲੇ ਐਨ.ਸੀ.ਸੀ. ਕੈਡਿਟ ਐਨ.ਐਸ.ਐਸ. ਵਲੰਟੀਅਰ ਨੂੰ।

(7) ਰਾਸ਼ਟਰੀ ਪੱਧਰ ਤੇ ਐਨ.ਸੀ.ਸੀ. ਕੈਂਪਾਂ ਵਿੱਚ ਗੋਲਡ ਮੈਡਲ ਪ੍ਰਾਪਤ ਕਰਨ ਵਾਲੇ ਐਨ.ਸੀ.ਸੀ. ਵਲੰਟੀਅਰ ਨੂੰ।

### (ਅ) ਕਾਲਜ ਕਲਰ (ਹੇਠ ਲਿਖੀਆਂ 'ਚੋਂ ਕਿਸੇ ਇੱਕ ਜਾਂ ਵੱਧ ਲਈ) :

(1) ਉਹ ਵਿਦਿਆਰਥੀ ਵਿਅਕਤੀਗਤ ਤੌਰ ਤੇ / ਟੀਮ ਮੈਂਬਰ ਦੇ ਤੌਰ ਤੇ / ਸਾਰੀ ਟੀਮ, ਜਿਸਨੇ ਜ਼ੋਨਲ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ। ਇਨ੍ਹਾਂ ਦਾ ਅੰਤਰ ਜ਼ੋਨਲ ਮੁਕਾਬਲਿਆਂ ਵਿੱਚ ਭਾਗ ਲੈਣਾ ਜ਼ਰੂਰੀ ਹੈ।

(2) ਉਹ ਵਿਦਿਆਰਥੀ ਜਿਸਨੇ ਅੰਤਰ ਕਾਲਜ ਅਤੇ ਹੋਰ ਮੁਕਾਬਲਿਆਂ ਵਿੱਚ ਭਾਗ (ਸ) ਵਿੱਚ ਦਰਜ਼ ਅੰਕਾਂ ਦੇ ਵੇਰਵੇ ਦੇ ਆਧਾਰ ਤੇ 15 ਅੰਕ ਪ੍ਰਾਪਤ ਕੀਤੇ ਹੋਣ, ਸ਼ਾਮ ਦੇ ਕਾਲਜ ਵਾਸਤੇ 10 ਅੰਕ ਲੋੜੀਂਦੇ ਹਨ।

(3) ਰਾਸ਼ਟਰੀ ਪੱਧਰ ਤੇ ਐਨ.ਸੀ.ਸੀ. ਕੈਂਪਾਂ ਵਿੱਚ ਸਿਲਵਰ ਮੈਡਲ ਪ੍ਰਾਪਤ ਕਰਨ ਵਾਲੇ ਐਨ.ਸੀ.ਸੀ. ਵਲੰਟੀਅਰ ਨੂੰ।

(4) ਐਨ.ਸੀ.ਸੀ., ਐਨ.ਐਸ.ਐਸ., ਯੂਥ ਕਲੱਬ ਅਤੇ ਸੇਂਟ ਜ਼ੋਨ ਐਂਬੂਲੈਂਸ ਬ੍ਰਿਗੇਡ ਦੇ ਉਹ ਮੈਂਬਰਾਂ ਨੂੰ ਜੋ ਅੰਤਰਰਾਜੀ ਪੱਧਰ ਤੇ ਜਾਂ ਨਿਰਦੇਸ਼ਕ ਦੇ ਦਫ਼ਤਰ ਵਲੋਂ ਜੇਤੂ ਘੋਸ਼ਿਤ ਕੀਤੇ ਗਏ ਹੋਣ।

### (ੲ) ਮੈਰਿਟ ਸਰਟੀਫਿਕੇਟ :

(1) ਉਹ ਵਿਦਿਆਰਥੀ ਜਿਸਨੇ ਜ਼ੋਨਲ ਯੂਥ ਫੈਸਟੀਵਲ ਵਿੱਚ ਦੂਜਾ/ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

(2) ਐਨ.ਸੀ.ਸੀ. ਵਿੱਚ 'ਸੀ' ਸਰਟੀਫਿਕੇਟ ਲੈਣ ਵਾਲੇ ਵਿਦਿਆਰਥੀ ਨੂੰ।

(3) ਐਨ.ਐਸ.ਐਸ., ਯੁਵਕ ਸੇਵਾਵਾਂ, ਬਾਲਗ ਸਿੱਖਿਆ, ਕਾਲਜ ਮੈਗਜੀਨ ਅਤੇ ਕਾਲਜ ਹੋਸਟਲ ਦੀਆਂ ਗਤੀਵਿਧੀਆਂ ਵਿੱਚ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੇ ਵਿਦਿਆਰਥੀਆਂ ਨੂੰ ਅਧਿਆਪਕ ਇੰਚਾਰਜ ਦੀ ਸਿਫਾਰਿਸ਼ ਤੇ।

(ਸ) ਅੰਕਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ (Criteria) :

| | | |
|---|---|---|
| (1) | ਅੰਤਰ ਕਾਲਜ ਮੁਕਾਬਲੇ ਵਿੱਚ ਪਹਿਲਾ ਸਥਾਨ | 3 ਅੰਕ |
| (2) | ਅੰਤਰ ਕਾਲਜ ਮੁਕਾਬਲੇ ਵਿੱਚ ਦੂਜਾ ਸਥਾਨ | 2 ਅੰਕ |
| (3) | ਅੰਤਰ ਕਾਲਜ ਮੁਕਾਬਲੇ ਵਿੱਚ ਤੀਜਾ ਸਥਾਨ | 1 ਅੰਕ |
| (4) | ਜ਼ੋਨਲ ਮੁਕਾਬਲੇ ਵਿੱਚ ਪਹਿਲਾ ਸਥਾਨ | 5 ਅੰਕ |
| (5) | ਜ਼ੋਨਲ ਮੁਕਾਬਲੇ ਵਿੱਚ ਦੂਜਾ ਸਥਾਨ | 4 ਅੰਕ |
| (6) | ਜ਼ੋਨਲ ਮੁਕਾਬਲੇ ਵਿੱਚ ਤੀਜਾ ਸਥਾਨ | 3 ਅੰਕ |
| (7) | ਪੁਸਤਕ ਲਿਖਣ ਦੇ | 5 ਅੰਕ |
| (8) | ਸਥਾਨਕ ਜਾਂ ਰਾਜ ਦੇ ਅਖ਼ਬਾਰ / ਰਸਾਲੇ ਵਿੱਚ ਲੇਖ ਛਾਪਣ ਲਈ | 2 ਅੰਕ |
| (9) | ਐਡੀਟਰ ਕਾਲਜ ਮੈਗਜੀਨ | 1 ਅੰਕ |
| (10) | ਅੰਤਰ ਜ਼ੋਨਲ ਖੇਡ ਮੁਕਾਬਲਿਆਂ ਵਿੱਚ ਪਹਿਲਾ ਸਥਾਨ | 3 ਅੰਕ |
| (11) | ਅੰਤਰ ਜ਼ੋਨਲ ਖੇਡ ਮੁਕਾਬਲਿਆਂ ਵਿੱਚ ਦੂਜਾ ਸਥਾਨ | 2 ਅੰਕ |

# ਸਪੈਸ਼ਲ ਅਵਾਰਡ ਅਤੇ ਇਨਾਮ

## (I) ਸਪੈਸ਼ਲ ਅਵਾਰਡ :

### (1) ਸਟੂਡੈਂਟ ਆਫ਼ ਦਾ ਯੀਅਰ ਅਵਾਰਡ (ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ) :

ੳ. ਵਿਦਿਆਰਥੀ ਦੀ ਅਕਾਦਮਿਕ ਮੈਰਿਟ ਦੇ 50% ਅਤੇ ਸਹਿ-ਗਤੀਵਿਧੀਆਂ ਵਿੱਚੋਂ 50% ਅੰਕ ਜੋੜੇ ਜਾਣਗੇ।

ਅ. ਕੋਈ ਵੀ ਵਿਦਿਆਰਥੀ ਸਟੂਡੈਂਟ ਆਫ਼ ਦਾ ਯੀਅਰ ਅਵਾਰਡ ਲਈ ਅਪਲਾਈ ਕਰ ਸਕਦਾ ਹੈ।

ੲ. ਵਿਦਿਆਰਥੀ ਦੇ ਪਿਛਲੀਆਂ ਕਲਾਸਾਂ ਦੇ ਪ੍ਰਾਪਤ ਅੰਕਾਂ ਦੇ ਅਧਾਰ ਤੇ (ਗਰੈਜੂਏਸ਼ਨ ਤਿੰਨ ਸਾਲਾਂ ਅਤੇ ਪੋਸਟ ਗਰੈਜੂਏਸ਼ਨ ਦੋ ਸਾਲਾ) ਦਿਤਾ ਜਾਵੇਗਾ।

ਸ. ਇਸ ਅਵਾਰਡ ਲਈ ਵਿਦਿਆਰਥੀ ਦੀਆਂ 75% ਘੱਟੋ-ਘੱਟ ਹਾਜ਼ਰੀਆਂ ਜ਼ਰੂਰੀ ਹਨ।

ਹ. ਵਿਦਿਆਰਥੀ ਦਾ ਐਮੱ.ਐਸੱ.ਟੀ. / ਘਰੇਲੂ ਪ੍ਰੀਖਿਆਵਾਂ ਵਿੱਚ ਹਾਜ਼ਰ ਅਤੇ ਪਾਸ ਹੋਣਾ ਲਾਜ਼ਮੀ ਹੈ।

ਅਵਾਰਡ ਲਈ ਵੱਖ-ਵੱਖ ਸ਼੍ਰੇਣੀਆਂ ਵਿੱਚ ਮਿਲਣ ਵਾਲੀ ਲਾਭ ਹੇਠ ਲਿਖੇ ਅਨੁਸਾਰ ਹੈ।

**(i) ਅਕਾਦਮਿਕ ਪ੍ਰਾਪਤੀ ਕੈਟਾਗਿਰੀ:**

ਅਕਾਦਮਿਕ ਪ੍ਰਾਪਤੀ ਵਿੱਚੋ 50% ਲਾਭ ਇਸ ਤਰ੍ਹਾਂ ਹੈ

| | | |
|---|---|---|
| 1. | ਯੂਨੀਵਰਸਿਟੀ ਪੁਜੀਸ਼ਨ (ਵੱਧ ਤੋਂ ਵੱਧ 10%)<br>ਯੂਨੀਵਰਸਿਟੀ ਪਹਿਲਾ ਸਥਾਨ<br>ਦੂਜੇ ਤੋਂ ਪੰਜਵਾਂ ਸਥਾਨ<br>ਛੇਵੇਂ ਤੋਂ ਦਸਵਾਂ ਸਥਾਨ | <br>10%<br>8%<br>7% |
| 2. | ਸਾਰੇ ਅੰਕਾਂ ਦਾ ਮੁਲੰਕਣ ਵੱਧ ਤੋ ਵੱਧ ਲਾਭ 45% ਵਿਚੋਂ ਹੋਵੇਗਾ | |
| 3. | **ਪਬਲੀਕੇਸ਼ਨ 5%**<br>• ਯੂ.ਜੀ.ਸੀ. ਮਾਨਤਾ ਪ੍ਰਾਪਤ ਰਿਸਰਚ ਜਰਨਲ<br>• ਹੋਰ ਪਰਬਲੀਕੇਸ਼ਨਜ਼ | <br>5%<br>2% |

**(ii) ਸਹਿ-ਅਕਾਦਮਿਕ ਗਤੀਵਿਧੀਆਂ ਸ਼੍ਰੇਣੀ :**

ਇਸ ਵਿੱਚ 50% ਲਾਭ ਹੈ, ਜੋ ਕਿ ਨੀਚੇ ਦਰਸਾਈਆਂ 3 ਸ਼੍ਰੇਣੀਆਂ ਵਿੱਚ ਵੰਡੀਆ ਹੋਈਆ ਹਨ। ਕਿਸੇ ਵੀ ਇਕ ਸ਼੍ਰੇਣੀ ਵਿੱਚ 25% ਤੋਂ ਜ਼ਿਆਦਾ ਲਾਭ ਨਹੀ ਦਿੱਤਾ ਜਾਵੇਗਾ। ਇਸ ਵਿੱਚ 2 ਸ਼੍ਰੇਣੀਆਂ ਦਾ ਜੋੜ ਵੀ ਕੀਤਾ ਜਾਵੇਗਾ।

ੳ. ਐਨ.ਸੀ.ਸੀ./ਐਨ.ਐਸ.ਐਸ./ਯੁਥ ਕਲੱਬ

ਅ. ਸਭਿਆਚਾਰਕ ਗਤੀਵਿਧੀਆਂ

ੲ. ਖੇਡਾਂ

ੳ. ਐਨ.ਸੀ.ਸੀ./ਐਨ.ਐਸ.ਐਸ./ਯੁਥ ਕਲੱਬ (ਵੱਧ ਤੋਂ ਵੱਧ ਲਾਭ 25%)

| | | |
|---|---|---|
| 1. | ਆਰ.ਡੀ.ਸੀ / ਅੰਤਰਰਾਸ਼ਟਰੀ ਕੈਂਪ | 20 |
| 2. | 'ਸੀ' ਸਰਟੀਫਿਕੇਟ/ 3 ਸਾਲਾਂ 7 ਦਿਨਾਂ ਦਾ ਯੂਥ ਸਰਵਿਸ ਕੈਂਪ ਸਰਟੀਫਿਕੇਟ | 15 |
| 3. | 'ਬੀ' ਸਰਟੀਫਿਕੇਟ/ 2 ਸਾਲਾਂ 7 ਦਿਨਾਂ ਦਾ ਯੂਥ ਸਰਵਿਸ ਕੈਂਪ ਸਰਟੀਫਿਕੇਟ | 10 |
| 4. | 'ਏ' ਸਰਟੀਫਿਕੇਟ/ 1 ਸਾਲਾ 7 ਦਿਨਾਂ ਦਾ ਯੂਥ ਸਰਵਿਸ ਕੈਂਪ ਸਰਟੀਫਿਕੇਟ | 5 |

ਅ. ਸਭਿਆਚਾਰਕ ਗਤੀਵਿਧੀਆਂ (ਵੱਧ ਤੋਂ ਵੱਧ ਲਾਭ 25%)

ਇਸ ਗਤੀਵਿਧੀ ਦੇ ਅਧੀਨ, ਕੋਈ ਇੱਕ ਗਤੀਵਿਧੀ ਜਿਸ ਵਿੱਚੋਂ ਅਤਿ ਉਤਮ ਅਵਾਰਡ ਹੀ ਵਿਚਾਰਿਆ ਜਾਵੇਗਾ

| ਸਥਾਨ | ਅੰਤਰ ਕਾਲਜ ਪੱਧਰ | ਜ਼ੋਨਲ ਪੱਧਰ | ਅੰਤਰ ਜ਼ੋਨਲ | ਅੰਤਰ-ਵਰਸਿਟੀ ਜਾ ਨੈਸ਼ਨਲ ਪੱਧਰ |
|---|---|---|---|---|
| 1 | 2 | 4 | 7 | 9 |
| 2 | 1 | 3 | 6 | 8 |
| 3 | - | 2 | 5 | 7 |

ੲ. ਖੇਡਾਂ (ਵੱਧ ਤੋਂ ਵੱਧ ਲਾਭ 25%)

ਇਸ ਦਾ ਲਾਭ ਸਰੀਰਕ ਸਿੱਖਿਆ ਵਿਭਾਗ ਦੁਆਰਾ ਖਿਡਾਰੀਆਂ ਦੀ ਖੇਡ ਵਿੱਚ ਯੋਗਤਾ ਅਨੁਸਾਰ ਨਿਸ਼ਚਿਤ ਕੀਤਾ ਜਾਵੇਗਾ।

(2) **ਸਤੀਸ਼ ਚੰਦਰ ਧਵਨ ਅਵਾਰਡ (ਵਿਦਿਅਕ) :** ਇਹ ਅਵਾਰਡ ਗਰੈਜੁਏਟ ਕਲਾਸਾਂ ਦੇ ਅੰਤਿਮ ਸਾਲ ਦੇ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸਨੇ ਅੰਤਿਮ ਸਾਲ ਦੇ ਨਾਲ-ਨਾਲ ਪਹਿਲੇ ਸਾਲਾਂ ਦੌਰਾਨ ਯੂਨੀਵਰਸਿਟੀ ਵਿੱਚੋਂ ਪਹਿਲਾ /ਦੂਜਾ /ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇ।

(3) **ਸਾਹਿਰ ਆਰਡਰ ਆਫ ਮੈਰਿਟ (ਸਭਿਆਚਾਰਕ) :** ਇਹ ਅਵਾਰਡ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਪਹਿਲਾਂ ਰੋਲ ਆਫ ਆਨਰ ਮਿਲ ਚੁੱਕਾ ਹੋਵੇ ਅਤੇ ਇਸ ਸਾਲ ਵੀ ਉਨ੍ਹਾਂ ਦੀਆਂ ਪ੍ਰਾਪਤੀਆਂ ਰੋਲ ਆਫ ਆਨਰ ਪ੍ਰਾਪਤ ਕਰਨ ਜਿਨ੍ਹੀਆਂ ਹੀ ਜਾਂ ਵੱਧ ਹੋਣ।

(4) **ਜਗਦੇਵ ਸਿੰਘ ਉਲੰਪੀਅਨ ਅਵਾਰਡ (ਖੇਡਾਂ) :** ਇਹ ਅਵਾਰਡ ਉਨ੍ਹਾਂ ਖਿਡਾਰੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਪਹਿਲਾਂ ਰੋਲ ਆਫ ਆਨਰ ਮਿਲ ਚੁੱਕਾ ਹੋਵੇ ਅਤੇ ਇਸ ਸਾਲ ਵੀ ਉਨ੍ਹਾਂ ਦੀਆਂ ਪ੍ਰਾਪਤੀਆਂ ਰੋਲ ਆਫ ਆਨਰ ਪ੍ਰਾਪਤ ਕਰਨ ਜਿਨ੍ਹੀਆਂ ਹੀ ਜਾਂ ਵੱਧ ਹੋਣ।

## (II) ਸਪੈਸ਼ਲ ਇਨਾਮ /ਨਕਦ / ਮੈਡਲਜ਼ :

(1) **ਅਭੈ ਓਸਵਾਲ ਗੋਲਡ ਮੈਡਲ :** ਇਹ ਇਨਾਮ ਬੀ.ਕਾਮ ਆਖਰੀ ਸਾਲ ਦੇ ਉਸ ਵਿਦਿਆਰਥੀ ਨੂੰ ਦਿੱਤਾ ਜਾਦਾ ਹੈ, ਜਿਸਨੇ ਯੂਨੀਵਰਸਿਟੀ ਇਮਤਿਹਾਨ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ।

(2) **ਪ੍ਰੋ: ਆਰ.ਐਲ.ਅਗਰਵਾਲ ਗੋਲਡ ਮੈਡਲ :** ਇਹ ਇਨਾਮ ਯੂਨੀਵਰਸਿਟੀ ਪ੍ਰੀਖਿਆ 'ਚੋਂ ਬੀ.ਐਸ.ਸੀ. ਆਖ਼ਰੀ ਸਾਲ 'ਚ ਫਿਜ਼ਿਕਸ ਵਿੱਚੋਂ ਕਾਲਜ ਵਿੱਚੋਂ ਪਹਿਲੇ ਨੰਬਰ 'ਤੇ ਰਹਿਣ ਵਾਲੇ ਵਿਦਿਆਰਥੀ ਨੂੰ ਮਿਲਦਾ ਹੈ।

(3) **ਡਾ: ਧਰਮ ਸਿੰਘ ਗਿੱਲ ਮੈਮੋਰੀਅਲ ਟਰਾਫ਼ੀ ਅਤੇ ਕੈਸ਼ ਇਨਾਮ :** ਇਹ ਇਨਾਮ ਯੂਨੀਵਰਸਿਟੀ ਪ੍ਰੀਖਿਆ 'ਚੋਂ ਐਮ.ਏ. ਅੰਗਰੇਜ਼ੀ ਭਾਗ ਪਹਿਲਾ ਵਿੱਚੋਂ ਫਸਟ ਆਉਣ ਵਾਲੇ ਵਿਦਿਆਰਥੀ ਨੂੰ ਮਿਲਦਾ ਹੈ।

(4) **ਪ੍ਰਿੰਸੀਪਲ ਐਸ.ਕੇ. ਵਸ਼ਿਸ਼ਟ ਗੋਲਡ ਮੈਡਲ :** ਇਹ ਇਨਾਮ ਯੂਨੀਵਰਸਿਟੀ ਇਮਤਿਹਾਨ ਵਿੱਚ ਕਾਲਜ ਦੇ ਐਮ.ਏ. ਹਿੰਦੀ ਭਾਗ ਪਹਿਲਾ ਅਤੇ ਦੂਜਾ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਵਿਦਿਆਰਥੀ ਨੂੰ ਮਿਲਦਾ ਹੈ।

(5) **ਪ੍ਰਿੰਸੀਪਲ ਸੁਰਜੀਤ ਸਿੰਘ ਭਾਟੀਆ ਗੋਲਡ ਮੈਡਲ ਅਤੇ ਕੈਸ਼ ਇਨਾਮ :** ਇਹ ਇਨਾਮ ਯੂਨੀਵਰਸਿਟੀ ਇਮਤਿਹਾਨ ਵਿੱਚੋਂ ਕਾਲਜ ਦੇ ਐਮ.ਏ. ਜੌਗਰਫ਼ੀ ਭਾਗ ਪਹਿਲਾ ਅਤੇ ਦੂਜਾ ਵਿੱਚੋਂ ਪਹਿਲੇ ਨੰਬਰ *ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਸਮੇਤ ਮਿਲਦਾ ਹੈ।

(6) **ਪ੍ਰੋਫੈਸਰ ਜਤਿੰਦਰ ਮੋਹਨ ਅਵਾਰਡ :** ਇਹ ਇਨਾਮ ਬੀ.ਐਸ.ਸੀ. ਭਾਗ ਪਹਿਲਾ ਅਤੇ ਦੂਜਾ ਵਿੱਚ ਕਮਿਸਟਰੀ ਵਿੱਚੋਂ ਪਹਿਲੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਮਿਲਦਾ ਹੈ।

(7) **ਪ੍ਰੋਫੈਸਰ ਸਤੀਸ਼ ਕਾਂਤ ਯਾਦਗਾਰੀ ਅਵਾਰਡ :** ਇਹ ਇਨਾਮ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿਚੋਂ ਕਾਲਜ ਦੇ ਐਮ.ਏ. ਹਿੰਦੀ ਭਾਗ ਪਹਿਲਾ ਅਤੇ ਦੂਜਾ ਵਿੱਚੋਂ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ।

(8) **ਪ੍ਰੋਫੈਸਰ ਵਿਸ਼ਰੁਤ ਸ਼ਰਮਾ ਯਾਦਗਾਰੀ ਅਵਾਰਡ :** ਇਹ ਇਨਾਮ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚੋਂ ਕਾਲਜ ਦੇ ਐਮ.ਏ. ਅਰਥ-ਸ਼ਾਸ਼ਤਰ ਭਾਗ ਪਹਿਲਾ ਅਤੇ ਦੂਜਾ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

(9) **ਪੀ.ਸੀ. ਵਧਵਾ ਕੈਸ਼ ਅਵਾਰਡ :** ਇਹ ਇਨਾਮ ਐਮ.ਐਸ.ਸੀ. ਗਣਿਤ ਭਾਗ ਦੂਜਾ ਪੰਜਾਬ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚੋਂ ਕਾਲਜ ਦੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

(10) **ਸ. ਰਵੀਇੰਦਰ ਸਿੰਘ ਗਿੱਲ ਕੈਸ਼ ਅਵਾਰਡ:** **(i)** ਇਹ ਇਨਾਮ ਐਮ.ਏ. ਅੰਗਰੇਜੀ ਭਾਗ ਦੂਜਾ (aggregate) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਪ੍ਰੀਖਿਆ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਅਤੇ
**(ii)** ਬੀ.ਏ. ਭਾਗ ਤੀਜਾ (aggregate) ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਪ੍ਰੀਖਿਆ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ।

**ਨੋਟ :** ਭਿੰਨ-ਭਿੰਨ ਕਿਸਮ ਤੇ ਸਨਮਾਨਾਂ ਲਈ ਅਰਜ਼ੀ ਦੇਣ ਸਮੇਂ ਪ੍ਰਾਪਤੀਆਂ ਦੀਆਂ ਫੋਟੋ ਕਾਪੀਆਂ ਨਾਲ ਨੱਥੀ ਕਰਨੀਆਂ ਅਤੀ ਜ਼ਰੂਰੀ ਹਨ। ਕਮੇਟੀ ਇਨ੍ਹਾਂ ਦੀ ਪੜਤਾਲ ਕਰੇਗੀ।

## (III) ਘਰੇਲੂ ਪ੍ਰੀਖਿਆਵਾਂ ਇਨਾਮ :

ਘਰੇਲੂ ਪ੍ਰੀਖਿਆਵਾਂ ਦੇ ਅਧਾਰ 'ਤੇ ਸਲਾਨਾ ਇਨਾਮ ਵੰਡ ਸਮਾਰੋਹ ਵਿੱਚ ਹੇਠ ਲਿਖੇ ਇਨਾਮ ਦਿੱਤੇ ਜਾਂਦੇ ਹਨ : ਹਰ ਵਿਸ਼ੇ ਦੇ ਕੁੱਲ ਜੋੜ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਨੰਬਰ 'ਤੇ ਆਉਣ ਵਾਲੇ ਸਭ ਕਲਾਸਾਂ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ ਜਿਨ੍ਹਾਂ ਨੇ ਬਾਕੀ ਵਿਸ਼ਿਆਂ ਵਿੱਚੋਂ ਵੀ ਘੱਟੋ-ਘੱਟ 50 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ। ਜੇ ਕਿਸੇ ਜਮਾਤ ਵਿੱਚ 25 ਤੱਕ ਵਿਦਿਆਰਥੀ ਹਨ ਤਾਂ ਕੇਵਲ ਪਹਿਲਾ, ਜੇ 50 ਹਨ ਤਾਂ ਦੋ, ਜੇ 50 ਤੋਂ ਵੱਧ ਹਨ ਤਾਂ ਤਿੰਨ ਇਨਾਮ ਦਿੱਤੇ ਜਾਣਗੇ।

## ਮਹੱਤਵਪੂਰਨ ਜਾਣਕਾਰੀ

ਕਾਲਜ ਵਿੱਚ ਦਾਖ਼ਲਾ ਲੈਣ ਦੇ ਇਛੁੱਕ ਵਿਦਿਆਰਥੀ ਨੂੰ ਕਾਲਜ ਵੱਲੋਂ ਹਿਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਕਾਲਜ ਵੈਬਸਾਈਟ ਦੇ ਨਾਲ ਨਾਲ ਪੰਜਾਬ ਸਰਕਾਰ ਦੇ ਦਾਖ਼ਲਾ ਪੋਰਟਲ **(Admission Portal)** ਤੇ ਸਮੇਂ ਸਮੇਂ ਜਾਰੀ ਹਿਦਾਇਤਾਂ ਨੂੰ ਪੜ੍ਹਦੇ ਰਹਿਣ ਤਾਂ ਜੋ ਹਰ ਤਰ੍ਹਾਂ ਦੀ ਨਵੀ **(Update)** ਸੁਚਨਾ ਮਿਲ ਸਕੇ।

**Link will be flashed on college website also**

# ਕਾਲਜ ਫੈਕਲਟੀ ਅਤੇ ਅਮਲਾ (Faculty and Establishment)

**ਪ੍ਰਿੰਸੀਪਲ : ਪ੍ਰੋ (ਡਾ.) ਤਨਵੀਰ ਲਿਖਾਰੀ**
**ਐਮ.ਏ., ਪੀ.ਐਚ.ਡੀ.**

### ਅਧਿਆਪਕ :

### ਬਨਸਪਤੀ ਵਿਗਿਆਨ

1. ਅਨੁਰਾਗ ਅਰੋੜਾ, ਐਮ.ਐਸ ਸੀ.,
2. ਨੀਰਜ ਕੁਮਾਰ, ਐਮ.ਐਸ ਸੀ.,
3. ਡਾ. ਰੀਨਾ ਕੁਮਾਰੀ ਢਾਂਡਾ, ਐਮ.ਐਸ ਸੀ., ਪੀ.ਐਚ.ਡੀ.
4. ਡਾ. ਦੇਵੀਨਾ ਘਈ, ਐਮ.ਐਸ ਸੀ., ਪੀ.ਐਚ.ਡੀ. (ਭੂਗੋਲ ਅਸਾਮੀ ਵਿਰੁੱਧ)
5. ਸ਼੍ਰੀਮਤੀ ਨੀਲਮ ਬਾਲਾ*, ਐਮ.ਐਸ ਸੀ., ਐਮ.ਫਿਲ
6. ਸ਼੍ਰੀਮਤੀ ਸ਼ਸ਼ੀ ਬਾਲਾ*, ਐਮ.ਫਿਲ

### ਰਸਾਇਣ ਵਿਗਿਆਣ :

1. ਸ਼੍ਰੀਮਤੀ ਹਰਪ੍ਰੀਤ ਕੌਰ ਬਾਜਵਾ, ਐਮ.ਫਿੱਲ, ਐਸੋਸੀਏਟ ਪ੍ਰੋਫੈਸਰ
2. ਡਾ. ਸੰਜੂ ਗੁਪਤਾ, ਐਮ.ਐਸ ਸੀ., ਪੀ.ਐਚ.ਡੀ. ਐਸੋਸੀਏਟ ਪ੍ਰੋਫੈਸਰ
3. ਡਾ. ਪੂਨਮ ਮਹਾਜਨ, ਐਮ.ਐਸ ਸੀ., ਪੀ.ਐਚ.ਡੀ. ਐਸੋਸੀਏਟ ਪ੍ਰੋਫੈਸਰ
4. ਡਾ. ਮੋਨਿਕਾ ਅਰੋੜਾ*, ਐਮ.ਐਸ ਸੀ., ਐਮੱ ਫਿੱਲ, ਪੀ.ਐਚ.ਡੀ.
5. ਸ਼੍ਰੀਮਤੀ ਸ਼ਿਲਪਾ ਸ਼ਰਮਾ**, ਐਮ.ਐਸ ਸੀ.
6. ਮਿਸ ਮੇਘਾ ਗਾਬਾ**, ਐਮ.ਐਸ ਸੀ.
7. ਮਿਸ ਨੀਰਜ ਕੌਰ**, ਐਮ.ਐਸ ਸੀ.

8-11 ਖਾਲੀ

### ਵਣਜ (ਕਾਮਰਸ) :

1. ਸ਼੍ਰੀ ਹੁਸਨ ਲਾਲ ਬਸਰਾ, ਐਮ.ਕਾਮ., ਐਸੋਸੀਏਟ ਪ੍ਰੋਫੈਸਰ
2. ਸ਼੍ਰੀ ਅਰੁਨ ਕੁਮਾਰ*, ਐਮ.ਕਾਮ. ਐਮ ਫਿਲ
3. ਸ਼੍ਰੀਮਤੀ ਗੀਤਿਕਾ ਤਲਵਾੜ**, ਐਮ.ਕਾਮ., ਐਮ ਫਿਲ
4. ਸ਼੍ਰੀਮਤੀ ਪਰਮਿੰਦਰ ਕੌਰ**, ਐਮ.ਕਾਮ.
5. ਸ਼੍ਰੀਮਤੀ ਆਰਸੀ ਸੰਧੂ**, ਐਮ.ਕਾਮ
6. ਸ਼੍ਰੀਮਤੀ ਗੀਤਿਕਾ ਅਰੋੜਾ**, ਐਮ.ਕਾਮ. ਐਮ.ਫਿਲ
7. ਸ਼੍ਰੀਮਤੀ ਨਿਧੀ ਸ਼ਰਮਾ**, ਐਮ.ਕਾਮ.

8-16 ਖਾਲੀ

### ਕੰਪਿਊਟਰ ਸਾਇੰਸ :

1. ਸ਼੍ਰੀਮਤੀ ਹਿਨਾ ਮਿੱਤਲ**, ਐਮ. ਟੈਕ., ਸੀ.ਐਸ.ਈ.
2. ਖਾਲੀ

### ਇਕਨਾਮਿਕਸ :

1. ਡਾ. ਸਜਲਾ, ਐਮ.ਏ., ਪੀ.ਐਚ.ਡੀ., ਅਸਿਸਟੈਂਟ ਪ੍ਰੋਫੈਸਰ
2. ਸ਼੍ਰੀਮਤੀ ਗੀਤਾਂਜਲੀ, ਐਮ.ਏ., ਐਮ. ਫਿੱਲ, ਅਸਿਸਟੈਂਟ ਪ੍ਰੋਫੈਸਰ
3. ਡਾ. ਇਰਾਦੀਪ* ਬੀ.ਏ.(ਆਨਰਜ਼), ਐਮ.ਐਸ ਸੀ.(ਐਗਰੀ. ਇਕਨਾਮਿਕਸ), ਐਮ.ਐਸ ਸੀ (ਅਪਲਾਈਡ ਮਨੋਵਿਗਿਆਨ), ਪੀ.ਐਚ.ਡੀ.
4. ਸ਼੍ਰੀਮਤੀ ਦੁਪਿੰਦਰ ਕੌਰ**, ਐਮ.ਬੀ.ਈ., ਐਮ ਫਿੱਲ
5. ਸ਼੍ਰੀ ਲਖਵਿੰਦਰ ਸਿੰਘ**, ਐਮ.ਏ., ਐਮ ਫਿੱਲ

6-9 ਖਾਲੀ

### ਅੰਗਰੇਜ਼ੀ :

1. ਸ਼੍ਰੀਮਤੀ ਅਮਿਤਾ ਥੰਮਨ, ਐਮ.ਏ., ਐਮ.ਫਿੱਲ, ਐਸੋਸੀਏਟ ਪ੍ਰੋਫੈਸਰ
2. ਡਾ. ਨੀਲਮ ਭਾਰਦਵਾਜ, ਐਮ.ਏ., ਐਮ ਫਿੱਲ, ਪੀ.ਐਚ.ਡੀ., ਐਸੋਸੀਏਟ ਪ੍ਰੋਫੈਸਰ
3. ਸ਼੍ਰੀਮਤੀ ਨਿਸ਼ੀ ਅਰੋੜਾ, ਪੀ.ਜੀ.ਡੀ.ਟੀ.ਈ. (ਹੈਦਰਾਬਾਦ), ਅਸਿਸਟੈਂਟ ਪ੍ਰੋਫੈਸਰ
4. ਸ਼ੀਮਤੀ ਹਰਮੀਤ ਕੌਰ ਝੱਜ, ਐਮ.ਏ., ਅਸਿਸਟੈਂਟ ਪ੍ਰੋਫੈਸਰ
5. ਸ਼੍ਰੀਮਤੀ ਅਨਾਮਿਕਾ*, ਐਮ.ਏ., ਐਮ.ਫਿਲ, ਐਮ.ਐਸ ਸੀ (VE&S)
6. ਸ਼੍ਰੀਮਤੀ ਸਾਰਿਕਾ ਪਰਾਸ਼ਰ*, ਐਮ.ਏ., ਐਮ.ਫਿਲ
7. ਸ਼੍ਰੀਮਤੀ ਸੋਨੀਆ ਸ਼ਰਮਾ**, ਐਮ.ਏ., ਐਮ.ਫਿਲ
8. ਸ਼੍ਰੀ ਵਿਵੇਕ ਸ਼ਰਮਾ**, ਐਮ.ਏ., ਐਮ.ਫਿਲ
9. ਸ਼੍ਰੀ ਚੰਚਲ**, ਐਮ.ਏ.

10-16 ਖਾਲੀ

### ਭੂਗੋਲ :

1. ਮਿਸ ਰਜਿੰਦਰ ਕੌਰ**, ਐਮ.ਏ.
2. ਸ਼੍ਰੀ ਭੋਲਾ ਨਾਥ**, ਐਮ.ਏ.
3. ਸ਼੍ਰੀਮਤੀ ਅਮਨਦੀਪ ਕੌਰ**, ਐਮ.ਏ.
4. (ਅਸਾਮੀ ਅਸਥਾਈ ਤੌਰ ਤੇ ਬਨਸਪਤੀ ਵਿਭਾਗ ਨੂੰ)
5. ਖਾਲੀ

### ਹਿੰਦੀ :

1. ਡਾ. ਮੋਨਿਕਾ ਜੈਨ*, ਐਮ.ਏ., ਪੀ.ਐਚ.ਡੀ.
2. ਸ਼੍ਰੀਮਤੀ ਸੁਨੰਦਾ*, ਐਮ.ਏ., ਐਮ. ਫਿਲ
3. ਡਾ. ਸੌਰਵ ਕੁਮਾਰ**, ਐਮ.ਏ., ਪੀ.ਐਚ.ਡੀ.
4. ਡਾ. ਸੋਨਦੀਪ**, ਐਮ.ਏ., ਪੀ.ਐਚ.ਡੀ.
5. ਸ਼੍ਰੀ ਇੰਦਰਜੀਤ ਪਾਸਵਾਨ**, ਐਮ.ਏ.

6 - ਖਾਲੀ

### ਇਤਿਹਾਸ :

1. ਸ਼੍ਰੀ ਪਰਮਜੀਤ ਸਿੰਘ*, ਐਮ.ਏ.,
2. ਸ਼੍ਰੀ ਨਰਪਿੰਦਰ ਸਿੰਘ ਨਾਗਰਾ**, ਐਮ.ਏ. ਐਮ.ਫਿਲ.
3. ਮਿਸ ਲੀਨਾ ਸੂਰੀ**, ਐਮ.ਏ., ਐਮ ਫਿਲ
4. ਸ਼੍ਰੀਮਤੀ ਸ਼ਾਰਦਾ ਦੇਵੀ**, ਐਮ.ਏ., ਐਮ ਫਿਲ

5. ਸ਼੍ਰੀਮਤੀ ਸੀਮਾ ਰਾਣੀ**, ਐਮ.ਏ., ਐਮ.ਫਿਲ
6. ਸ਼੍ਰੀ ਵਿਸ਼ਾਲ ਸ਼ਰਮਾ**, ਐਮ.ਏ., ਐਮ.ਫਿੱਲ

**ਇੰਡਸਟਰੀਅਲ ਮਾਈਕਰੋਬਾਇਲੌਜੀ :**

1. ਸ਼੍ਰੀਮਤੀ ਬੇਅੰਤ ਕੌਰ**, ਐਮ.ਐਸ ਸੀ.

**ਗਣਿਤ :**

1. ਡਾ. ਸਤਿਆ ਰਾਣੀ, ਐਮ.ਐਸ ਸੀ., ਪੀ.ਐਚ.ਡੀ. ਐਸੋਸੀਏਟ ਪ੍ਰੋਫੈਸਰ
2. ਡਾ. ਗੁਰਸ਼ਰਨਜੀਤ ਸਿੰਘ, ਐਮ.ਐਸ ਸੀ., ਪੀ.ਐਚ.ਡੀ., ਪ੍ਰੋਫੈਸਰ
3. ਸ਼੍ਰੀਮਤੀ ਵਨੀਤਾ**, ਐਮ.ਐਸ ਸੀ.
4. ਸ਼੍ਰੀ ਮੁਕੇਸ਼ ਕੁਮਾਰ **, ਐਮ.ਐਸ ਸੀ.
5. ਸ਼੍ਰੀ ਪਿਯੂਸ਼ ਗੋਇਲ**, ਐਮ.ਐਸ ਸੀ.
6. ਸ਼੍ਰੀਮਤੀ ਦਰਸ਼ਪ੍ਰੀਤ ਕੌਰ**, ਐਮ.ਐਸ ਸੀ.
7. ਸ਼੍ਰੀਮਤੀ ਮੋਨਿਕਾ**, ਐਮ.ਐਸ ਸੀ.

**ਮਿਊਜ਼ਿਕ (ਇੰਸਟਰੂਮੈਂਟਲ):**

1. ਸ਼੍ਰੀਮਤੀ ਸੰਦੀਪ ਕੌਰ**, ਐਮ.ਏ.

**ਸਰੀਰਕ ਸਿੱਖਿਆ :**

1. ਸ਼੍ਰੀ ਕੁਲਵੰਤ ਸਿੰਘ, ਐਮ.ਪੀ.ਐਡ., ਅਸਿਸਟੈਂਟ ਪ੍ਰੋਫੈਸਰ
2. ਸ਼੍ਰੀ ਸਤਨਾਮ ਸਿੰਘ, ਐਮ.ਪੀ.ਐਡ, ਅਸਿਸਟੈਂਟ ਪ੍ਰੋਫੈਸਰ
3. ਸ਼੍ਰੀਮਤੀ ਅਮਰਪ੍ਰੀਤ ਕੌਰ*, ਐਮ.ਪੀ.ਐਡ

4-5 ਖਾਲੀ

**ਫਿਜ਼ਿਕਸ :**

1. ਡਾ. ਨਿਤਿਨ ਸੂਦ*, ਐਮ.ਐਸ ਸੀ., ਪੀ.ਐਚ.ਡੀ.
2. ਸ਼੍ਰੀਮਤੀ ਕਨਿਕਾ** ਐਮ.ਐਸ ਸੀ.
3. ਸ਼੍ਰੀ ਦਿਨੇਸ਼**, ਐਮ.ਐਸ ਸੀ., ਐਮ.ਫਿਲ
4. ਸ਼੍ਰੀ ਰਾਹੁਲ ਵਰਮਾ**, ਐਮ.ਐਸ ਸੀ.,
5. ਡਾ. ਬਲਜਿੰਦਰ ਸਿੰਘ**, ਐਮ.ਐਸ ਸੀ., ਪੀ.ਐਚ.ਡੀ.

6-10 ਖਾਲੀ

**ਮਨੋਵਿਗਿਆਨ :**

1. ਸ਼੍ਰੀਮਤੀ ਮੋਨਿਕਾ* ਐਮ.ਏ.

**ਰਾਜਨੀਤੀ ਸ਼ਾਸਤਰ :**

1. ਡਾ. ਅਮਨਪ੍ਰੀਤ ਕੌਰ**, ਐਮ.ਏ., ਐਮ.ਫਿਲ., ਪੀ.ਐਚ.ਡੀ.
2. ਸ਼੍ਰੀ ਮਾਨਵ ਖੋਸਲਾ**, ਐਮ.ਏ.,
3. ਸ਼੍ਰੀਮਤੀ ਸੀਮਾ**, ਐਮ.ਏ.
4. ਮਿਸ ਵੰਦਨਾ ਢੀਂਗਰਾ**, ਐਮ.ਏ., ਐਮ.ਫਿਲ.
5. ਸ਼੍ਰੀ ਪਰਵਿੰਦਰ ਕੁਮਾਰ**, ਐਮ.ਏ.

**ਲੋਕ ਪ੍ਰਸ਼ਾਸਨ :**

1. ਸ਼੍ਰੀਮਤੀ ਰਜਿੰਦਰ ਕੌਰ, ਐਮ.ਏ., ਐਮ.ਫਿੱਲ

**ਪੰਜਾਬੀ :**

1. ਸ਼੍ਰੀ ਪਰਮਜੀਤ* ਐਮ.ਏ.
2. ਸ਼੍ਰੀ ਮਨਦੀਪ ਸਿੰਘ**, ਐਮ.ਏ., ਐਮ.ਫਿਲ
3. ਸ਼੍ਰੀਮਤੀ ਬਲਜੀਤ ਕੌਰ**, ਐਮ.ਏ., ਐਮ.ਫਿਲ
4. ਸ਼੍ਰੀ ਚਮਕੌਰ ਸਿੰਘ**, ਐਮ.ਏ., ਐਮ.ਫਿਲ
5. ਸ਼੍ਰੀ ਅਮਨਦੀਪ ਸਿੰਘ**, ਐਮ.ਏ., ਐਮ.ਫਿਲ
6. ਡਾ. ਹਰਜਿੰਦਰ ਕੌਰ**, ਐਮ.ਏ., ਐਮ.ਫਿਲ, ਪੀ.ਐਚ.ਡੀ.
7. ਸ਼੍ਰੀ ਜਸਵਿੰਦਰ ਸਿੰਘ**, ਐਮ.ਏ.
8. ਮਿਸ ਮਿਤਾਲੀ ਤਲਵਾਰ** ਐਮ.ਏ.

9-13 ਖਾਲੀ

**ਸੰਸਕ੍ਰਿਤ :**

1. ਡਾ. ਮੁਕੇਸ਼ ਕੁਮਾਰ** ਐਮ.ਏ. ਐਮ.ਫਿੱਲ, ਪੀ.ਐਚ.ਡੀ.

**ਸਮਾਜ ਵਿਗਿਆਨ :**

1. ਸ਼੍ਰੀਮਤੀ ਰਜਨੀ**, ਐਮ.ਏ., ਐਮ. ਫਿਲ

**ਜੀਵ ਵਿਗਿਆਨ :**

1. ਮਿਸ ਗੁਰਪ੍ਰੀਤ ਕੌਰ**, ਐਮ.ਐਸ ਸੀ
2. ਸ਼੍ਰੀ ਸੁਖਨੈਨ ਸਿੰਘ**, ਐਮ.ਐਸ ਸੀ.
3. ਸ਼੍ਰੀਮਤੀ ਦੀਪਿਆ ਕਲਸੀ**, ਐਮ.ਐਸ ਸੀ.

**(*ਪਾਰਟ ਟਾਇਮ, **ਗੈਸਟ ਫੈਕਲਟੀ)**

**ਲਾਇਬ੍ਰੇਰੀ ਸਟਾਫ :**

1. ਸ਼੍ਰੀ ਭਰਪੂਰ ਸਿੰਘ ਲਾਇਬ੍ਰੇਰੀਅਨ, ਐਮੱ.ਲਿੱਬ ਐਂਡ ਇਨਫਰਮੇਸ਼ਨ ਸਇੰਸ

2-4 ਖਾਲੀ

**ਲਾਇਬ੍ਰੇਰੀ ਰੀਸਟੋਰਰ :**

1 - 2 ਖਾਲੀ

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ (HEIS) :

- ਚੇਅਰਪਰਸਨ — ਡਾ. ਤਨਵੀਰ ਲਿਖਾਰੀ
- ਮੈਂਬਰ ਸੈਕਟਰੀ — ਸ਼੍ਰੀ ਹੁਸਨ ਲਾਲ ਬਸਰਾ
- ਇੰਚਾਰਜ — ਡਾ. ਗੁਰਸ਼ਰਨਜੀਤ ਸਿੰਘ ਸੰਧੂ

### ਟੀਚਿੰਗ ਸਟਾਫ :

**ਬੀ.ਕਾਮ :**

**1. ਮਿਸ ਪਰਵਿੰਦਰ ਕੌਰ, ਐਮ. ਕਾਮ, ਬੀ.ਐਡ**

**ਬੀ.ਬੀ.ਏ. :**

1. ਸ਼੍ਰੀਮਤੀ ਪੂਜਾ ਕੁਮਾਰੀ, ਐਮ.ਬੀ.ਏ., ਐਮ.ਕਾਮ.
2. ਸ਼੍ਰੀਮਤੀ ਟਿਪਸੀ ਚਿਤਕਾਰਾ, ਐਮ.ਬੀ.ਏ., ਐਮ.ਕਾਮ
3. ਡਾ. ਸ਼ੀਨੂੰ ਸ਼ਰਮਾ, ਐਮ.ਕਾਮ,ਐਮ.ਬੀ.ਏ., ਪੀ.ਐਚ.ਡੀ., ਮੈਨੇਜਮੈਂਟ
4. ਡਾ. ਮਨਪ੍ਰੀਤ ਕੌਰ, ਐਮ.ਕਾਮ.,ਐਮ.ਬੀ.ਏ. ਪੀ.ਐਚ.ਡੀ.

**ਬੀ.ਸੀ.ਏ. :**

1. ਸ਼੍ਰੀ ਵਰੁਨ ਜੈਨ, ਐਮ.ਸੀ.ਏ., ਐਮ.ਫਿੱਲ
2. ਸ਼੍ਰੀ ਵਿਜੈ ਸਹਿਗਲ, ਐਮ.ਸੀ.ਏ.
3. ਸ਼੍ਰੀਮਤੀ ਨੇਹਾ ਭਾਟੀਆ, ਐਮ.ਸੀ.ਏ.
4. ਸ਼੍ਰੀਮਤੀ ਅਨੂੰ ਸਿੰਗਲਾ, ਐਮ.ਐਸ ਸੀ (ਆਈ.ਟੀ.)
5. ਸ਼੍ਰੀ ਸੁਖਜੀਤ ਸਿੰਘ, ਐਮ.ਸੀ.ਏ.
6. ਮਿਸ ਸਾਕਸ਼ੀ ਜੈਨ, ਐਮ.ਸੀ.ਏ.
7. ਮਿਸ ਪ੍ਰਿਅੰਕਾ, ਐਮ.ਐਸ ਸੀ (ਆਈ.ਟੀ.)
8. ਗਗਨਦੀਪ ਸਿੰਘ, ਐਮ.ਸੀ.ਏ.

**ਕੈਮਿਸਟਰੀ :**

1. ਡਾ. ਸੰਜੀਵ ਕੁਮਾਰ, ਐਮ.ਐਸ ਸੀ., ਪੀ.ਐਚ ਡੀ.
2. ਸ਼੍ਰੀ ਗੁਰਜੰਟ ਸਿੰਘ, ਐਮ.ਐਸ ਸੀ.,
3. ਸ਼੍ਰੀ ਕਨਵ ਧੀਰ, ਐਮ.ਐਸ ਸੀ., ਪੀ.ਐਚ.ਡੀ.

**ਫਿਜ਼ਿਕਸ :**

1. ਸ਼੍ਰੀਮਤੀ ਸਿਮਰਤੀ ਖੁੱਲਰ, ਐਮ.ਐਸ ਸੀ., ਐਮ.ਫਿਲ
2. ਡਾ. ਨਰਿੰਦਰ ਬੁੱਧੀਰਾਜਾ, ਐਮ.ਐਸ ਸੀ., ਪੀ.ਐਚ.ਡੀ.
3. ਸ਼੍ਰੀਮਤੀ ਅਲਕਾ ਗਰਗ, ਐਮ.ਐਸ ਸੀ.
4. ਖਾਲੀ

**ਨਾਨ ਟੀਚਿੰਗ ਸਟਾਫ਼ :**

1. ਸ਼੍ਰੀਮਤੀ ਰਾਣੋ ਬਾਲਾ, ਕਲਰਕ
2. ਸ਼੍ਰੀਮਤੀ ਬੰਦਨਾ ਦੇਵੀ, ਕਲਰਕ
3. ਇੰਦਰਜੀਤ ਕੌਰ, ਕਲਰਕ
4. ਸ਼੍ਰੀ ਵਿਕਰਮ ਗੋਗਨਾ, ਤਕਨੀਕੀ ਸਹਾਇਕ
5. ਸ਼੍ਰੀ ਪੁਨੀਤ ਸ਼ਰਮਾ, ਲਾਇਬ੍ਰੇਰੀ ਅਟੈਂਡੈਂਟ
6. ਸ਼੍ਰੀ ਵਿਸ਼ਾਲ ਚੋਪੜਾ, ਲੈਬ. ਅਟੈਂਡੈਂਟ

## ਪ੍ਰਬੰਧਕੀ ਡਿਊਟੀਆਂ

| | | |
|---|---|---|
| 1. | ਡੀਨ (ਸੀਨੀਅਰ ਟਿਊਟਰ) | ਡਾ. ਸਤਿਆ ਰਾਣੀ |
| 2. | ਡੀਨ (ਕਲਚਰਲ) | ਡਾ. ਹਰਪ੍ਰੀਤ ਕੌਰ ਬਾਜਵਾ |
| 3. | ਡੀਨ (ਸਾਇੰਸਿਜ਼, ਬਰਸਰ) | ਡਾ. ਸੰਜੂ ਗੁਪਤਾ |
| 4. | ਡੀਨ (ਪ੍ਰੀਖਿਆਵਾਂ ਅਤੇ ਦਾਖਲੇ) | ਡਾ. ਗੁਰਸ਼ਰਨਜੀਤ ਸਿੰਘ ਸੰਧੂ |
| 5. | ਬਰਸਰ (ਪੀ.ਟੀ.ਏ /ਐਚ.ਈ.ਆਈ.ਐਸ) | ਸ਼੍ਰੀ ਹੁਸਨ ਲਾਲ ਬਸਰਾ |
| 6. | ਕੋਆਰਡੀਨੇਟਰ ਐਲੂਮਨੀ ਰਿਲੇਸ਼ਨਸ | ਸ਼੍ਰੀਮਤੀ ਗੀਤਾਂਜਲੀ |
| 7. | NAAC ਕੁਆਰਡੀਨੇਟਰ | ਡਾ. ਪੂਨਮ ਮਹਾਜਨ |
| 9. | RUSA ਕੁਆਰਡੀਨੇਟਰ | ਡਾ. ਸਜਲਾ ਕਾਲੜਾ |
| 10. | AISHE/NIRF ਕੁਆਰਡੀਨੇਟਰ | ਡਾ. ਸਤਿਆ ਰਾਣੀ |
| 11. | ਚੀਫ ਐਡੀਟਰ ਸਤਲੁਜ ਮੈਗਜ਼ਿਨ | ਸ਼੍ਰੀਮਤੀ ਹਰਮੀਤ ਕੌਰ ਝੱਜ |
| 12. | ਐਡੀਟਰ ਕਾਲਜ ਨਿਊਜ ਲੈਟਰ-ਯੂਥਕੁਏਕ | ਸ਼੍ਰੀਮਤੀ ਅਮਿਤਾ ਥੰਮਨ |
| 13. | ਇੰਚਾਰਜ ਪ੍ਰਾਸਪੈਕਟਸ | ਸ਼੍ਰੀਮਤੀ ਅਮਿਤਾ ਥੰਮਨ |
| 14. | ਬਰਸਰ | ਡਾ. ਸੰਜੂ ਗੁਪਤਾ |
| 16. | ਇੰਚਾਰਜ ਟਾਈਮ ਟੇਬਲ | |
| | • ਆਰਟਸ | ਡਾ. ਨੀਲਮ ਭਾਰਦਵਾਜ |
| | • ਸਾਇੰਸ | ਡਾ. ਸੰਜੂ ਗੁਪਤਾ |
| | • ਕਾਮਰਸ ਅਤੇ ਬਿਜਨੈਸ ਇਨੋਵੇਸ਼ਨ | ਸ਼੍ਰੀ ਹੁਸਨ ਲਾਲ ਬਸਰਾ |

| | | |
|---|---|---|
| • | ਐਚ.ਈ.ਆਈ.ਐਸ. | ਡਾ. ਗੁਰਸ਼ਰਨਜੀਤ ਸਿੰਘ ਸੰਧੂ |
| • | ਸ਼ਾਮ ਦਾ ਕਾਲਜ | ਸ਼੍ਰੀ ਪਰਮਜੀਤ |
| 17. | ਇੰਚਾਰਜ ਸਟੂਡੈਂਟ ਏਡ ਫੰਡ | ਸ਼੍ਰੀਮਤੀ ਹਰਪ੍ਰੀਤ ਕੌਰ ਬਾਜਵਾ |
| 18. | ਇੰਚਾਰਜ ਸਟੂਡੈਂਟ ਕਾਊਂਸਿਲ | ਡਾ. ਸਜਲਾ ਕਾਲੜਾ |
| 19. | ਇੰਚਾਰਜ ਸਾਈਕਲ / ਸਕੂਟਰ ਸਟੈਂਡ | ਸ਼੍ਰੀ ਸਤਨਾਮ ਸਿੰਘ (ਸਰੀਰਕ ਸਿੱਖਿਆ) |
| 20. | ਇੰਚਾਰਜ ਸ਼ਾਮ ਦਾ ਕਾਲਜ | ਸ਼੍ਰੀ ਪਰਮਜੀਤ ਚੰਦਰ |
| 21. | ਕੰਨਵੀਨਰ ਹੋਸਟਲ ਕਮੇਟੀ ਲੜਕੀਆਂ | ਡਾ. ਸੰਜੂ ਗੁਪਤਾ |
| 22. | ਕੇਅਰਟੇਕਰ ਹੋਸਟਲ ਲੜਕੀਆਂ | ਡਾ. ਸੋਨਦੀਪ |
| 23. | ਕੰਨਵੀਨਰ ਹੋਸਟਲ ਕਮੇਟੀ ਲੜਕੇ | ਸ਼੍ਰੀ ਕੁਲਵੰਤ ਸਿੰਘ |
| 24. | ਕੇਅਰਟੇਕਰ ਹੋਸਟਲ ਲੜਕੇ | ਸ਼੍ਰੀ ਸਤਨਾਮ ਸਿੰਘ |
| 25. | ਕੰਨਵੀਨਰ ਐਂਟੀ ਰੈਗਿੰਗ ਸੈਲ | ਡਾ. ਸੱਤਿਆ ਰਾਣੀ |
| 26. | ਕਨਵੀਨਰ ਇੰਸਟੀਟਿਊਸ਼ਨ ਇਨੋਵੇਸ਼ਨ ਸੈਂਲ | ਡਾ. ਨੀਲਮ ਭਾਰਦਵਾਜ |
| 27. | ਕੰਨਵੀਨਰ ਵੁਮਨ ਡਿਵੈਲਪਮੈਂਟ ਸੈਲ | ਡਾ. ਨੀਲਮ ਭਾਰਦਵਾਜ |
| 28. | ਇੰਚਾਰਜ ਫਿਨੀਸ਼ਿੰਗ ਸਕੂਲ | ਸ਼੍ਰੀਮਤੀ ਹਰਮੀਤ ਕੌਰ ਝੱਜ |
| 29. | ਕੰਨਵੀਨਰ ਸਕਾਰਲਸ਼ਿਪ ਕਮੇਟੀ ਐਸ.ਸੀ., ਬੀ.ਸੀ. ਅਤੇ ਹੋਰ | ਸ਼੍ਰੀ ਹੁਸਨ ਲਾਲ ਬਸਰਾ |
| 30. | ਇੰਚਾਰਜ ਕੈਰੀਅਰ ਕਾਊਂਸਲਿੰਗ ਐਂਡ ਪਲੇਸਮੈਂਟ ਸੈਲ | ਡਾ. ਸਜਲਾ ਕਾਲੜਾ |
| 31. | ਇੰਚਾਰਜ ਵਾਤਾਵਰਣ ਸਿੱਖਿਆ | ਸ਼੍ਰੀਮਤੀ ਹਰਪ੍ਰੀਤ ਕੌਰ ਬਾਜਵਾ |
| 32. | ਇੰਚਾਰਜ ਰੈਡ ਕਰਾਸ | ਸ਼੍ਰੀਮਤੀ ਅਨਾਮਿਕਾ |
| 33. | ਇੰਚਾਰਜ ਐਨ.ਸੀ.ਸੀ. ਆਰਮੀ ਵਿੰਗ | ਡਾ. ਨਿਤਿਨ ਸੂਦ |
| 34. | ਇੰਚਾਰਜ ਐਨ.ਸੀ.ਸੀ. ਏਅਰ ਵਿੰਗ | ਸ਼੍ਰੀਮਤੀ ਸਾਰਿਕਾ ਪਰਾਸ਼ਰ |
| 35. | ਇੰਚਾਰਜ ਐਨ.ਐਸ.ਐਸ. (ਲੜਕੀਆਂ) | ਸ਼੍ਰੀਮਤੀ ਗੀਤਾਂਜਲੀ |
| 36. | ਇੰਚਾਰਜ ਐਨ.ਐਸ.ਐਸ. (ਲੜਕੇ) | ਸ਼੍ਰੀ ਸੋਰਭ ਕੁਮਾਰ |
| 37. | ਇੰਚਾਰਜ ਕਾਲਜ ਕੈਂਪਸ | ਸ਼੍ਰੀ ਸਤਨਾਮ ਸਿੰਘ |
| 38. | ਇੰਚਾਰਜ ਰੇਲਵੇ / ਬੱਸ ਪਾਸ | ਸ਼੍ਰੀਮਤੀ ਪੂਨਮ ਮਹਾਜਨ |
| 39. | ਇੰਚਾਰਜ ਰੈਡ ਰੀਬਨ ਕਲੱਬ | ਡਾ. ਇਰਾਦੀਪ |
| 40. | ਇੰਚਾਰਜ ਬੱਡੀ ਪ੍ਰੋਗਰਾਮ | ਸ਼੍ਰੀਮਤੀ ਅਨਾਮਿਕਾ |
| 41. | ਇੰਚਾਰਜ ਪ੍ਰੈਸ ਤੇ ਮੀਡੀਆ | ਸ਼੍ਰੀਮਤੀ ਹਰਮੀਤ ਕੌਰ ਝੱਜ |
| 42. | ਸ਼ਿਕਾਇਤ ਨਿਵਾਰਨ ਸੈਲ | ਸ਼੍ਰੀਮਤੀ ਹਰਪ੍ਰੀਤ ਕੌਰ ਬਾਜਵਾ |
| 43. | ਜਿਨਸੀ ਉਤਪੀੜਨ ਸੈਲ | ਡਾ. ਸੱਤਿਆ ਰਾਣੀ |
| 44. | ਜਾਤੀ ਅਧਾਰਤ ਭੇਦ ਭਾਵ ਨਿਵਾਰਨ ਸੈਲ | ਸ਼੍ਰੀ ਹੁਸਨ ਲਾਲ ਬਸਰਾ |
| 45. | ਵਿਦਿਆਰਥੀ ਸਹਾਇਤਾ ਕਮੇਟੀ (ਆਨਲਾਈਨ ਅਤੇ ਆਫਲਾਈਨ) | ਸ਼੍ਰੀ ਵਰੁਣ ਜੈਨ |
| 46. | ਕੰਨਵੀਨਰ ਸਕਿਲ ਔਰੀਐਂਟਿਡ ਸਰਟੀਫਿਕੇਟ ਕੋਰਸ (ਜਗਤ ਗੁਰੂ ਨਾਨਕ ਦੇਵ ਓਪਨ ਸਟੇਟ ਯੂਨੀ:ਪਟਿਆਲਾ ਨਾਲ ਸੰਬੰਧਿਤ) | ਸ਼੍ਰੀਮਤੀ ਗੀਤਾਂਜਲੀ |
| 47. | ਇੰਚਾਰਜ ਕਾਲਜ ਪ੍ਰਾਪਰਟੀ | ਸ਼੍ਰੀ ਸਤਨਾਮ ਸਿੰਘ |
| 48. | ਸਟੇਜ ਸੈਕਟਰੀ | ਸ਼੍ਰੀਮਤੀ ਗੀਤਾਂਜਲੀ |
| 49. | ਸੈਕਟਰੀ ਸਟਾਫ ਕਲੱਬ | ਡਾ. ਸੰਜੂ ਗੁਪਤਾ |
| 50. | ਕਨਵੀਨਰ ਰਿਸਰਚ ਅਤੇ ਡਿਵੈਲਪਮੈਂਟ | ਡਾ. ਨੀਲਮ ਭਾਰਦਵਾਜ |

51. ਕਨਵੀਨਰ ਸੋਸ਼ਲ ਮੀਡੀਆ ਮੈਨੇਜਮੈਂਟ ਸੈਲੱ — ਸ਼੍ਰੀਮਤੀ ਅਮਿਤਾ ਬੰਮਨ

52. ਕਨਵੀਨਰ ਵਿਸ਼ਾ ਬਦਲੀ — ਡਾ. ਗੁਰਸ਼ਰਨਜੀਤ ਸਿੰਘ

## ਪ੍ਰਬੰਧਕੀ ਸ਼ਾਖਾ :

1. ਖਾਲੀ : ਸੁਪਰਡੰਟ
2. ਸ਼੍ਰੀਮਤੀ ਕੰਚਨ ਬਾਲਾ : ਜੂਨੀਅਰ ਸਹਾਇਕ (ਅਮਲਾ)
3. ਸ਼੍ਰੀ ਰੋਹਿਤ ਸ਼ਰਮਾ : ਪ੍ਰੀਖਿਆ ਕਲਰਕ ਸਵੇਰ ਅਤੇ ਸ਼ਾਮ ਦਾ ਕਾਲਜ ਸਮੇਤ ਅਸੈਸਮੈਂਟ ਅਤੇ ਡੀ.ਐਮ.ਸੀ.
4. ਸ਼੍ਰੀ ਗੁਰਦੀਪ ਸਿੰਘ : ਡਾਇਰੀ ਡਿਸਪੈਚਰ
5. ਸ਼੍ਰੀ ਦੀਪਕ ਰਾਵਤ : ਯੂਨੀਵਰਸਿਟੀ ਕਲਰਕ (ਸਵੇਰੇ ਅਤੇ ਸ਼ਾਮ ਦਾ ਕਾਲਜ)
6. ਸ਼੍ਰੀਮਤੀ ਹਰਜੋਤ ਕੌਰ : ਕਲਰਕ (ਲੀਗਲ/ਆਰ ਟੀ ਆਈ)

## ਲੇਖਾ ਸ਼ਾਖਾ :

1. ਮਿਸ ਬਬਨੀਤ ਕੌਰ : ਕਲਰਕ (ਫੰਡ)
2. ਸ਼੍ਰੀ ਰਿਸ਼ੂ ਅਗਰਵਾਲ : ਜੂਨੀਅਰ ਸਹਿਇਕ, ਕੈਸ਼ੀਅਰ, ਜੀ.ਪੀ.ਐਫ / ਜੀ.ਆਈ.ਐਸ. ਕਲਰਕ
3. ਸ਼੍ਰੀ ਖੁਸ਼ਵਿੰਦਰ ਸਿੰਘ : ਸਕਾਲਰਸ਼ਿੱਪ
4. ਸ਼੍ਰੀਮਤੀ ਕਿਰਨਜੀਤ ਕੌਰ : ਫੀਸ ਕਲਰਕ
5. ਸ਼੍ਰੀ ਅਸ਼ੀਸ਼ ਮਹਾਜਨ : ਬਿੱਲ ਕਲਰਕ
6. ਸ਼੍ਰੀ ਚਰਨਜੀਤ ਸਿੰਘ : ਪੀ.ਟੀ.ਏ. ਕਲਰਕ

## ਲੈਬੋਰਟਰੀ ਸਟਾਫ :

**ਸੀਨੀਅਰ ਲੈਕਚਰ ਅਸਿਸਟੈਂਟ :**

1. ਸ਼੍ਰੀ ਚਰਨਜੀਤ ਸਿੰਘ (ਲੇਖਾ ਸ਼ਾਖਾ ਵਿੱਚ ਕੰਮ ਕਰ ਰਹੇ ਹਨ)
2. ਸ਼੍ਰੀ ਗੁਰਤੇਜ ਸਿੰਘ
3. ਸ਼੍ਰੀ ਸਤਨਾਮ ਸਿੰਘ
4. ਸ਼੍ਰੀ ਅਸ਼ੀਸ਼ ਮਹਾਜਨ (ਲੇਖਾ ਸ਼ਾਖਾ ਵਿੱਚ ਕੰਮ ਕਰ ਰਹੇ ਹਨ)

### ਜੂਨੀਅਰ ਲੈਕਚਰ ਅਸਿਸਟੈਂਟ :

1 ਸ਼੍ਰੀ ਸੰਦੀਪ ਖੋਖਰ

2. ਸ਼੍ਰੀਮਤੀ ਰੇਖਾ ਰਾਣੀ

3-13 ਖਾਲੀ

### ਸੀਨੀਅਰ ਲੈਬ - ਅਟੈਂਡੈਂਟ:

1. ਸ਼੍ਰੀ ਸੰਜੀਵ ਕਪੂਰ
2. ਸ਼੍ਰੀ ਨਰੇਸ਼ ਕੁਮਾਰ
3. ਸ਼੍ਰੀ ਦੀਪਕ ਸਿੰਘ ਰਾਵਤ (ਪ੍ਰਬੰਧਕੀ ਸ਼ਾਖਾ ਵਿੱਚ ਕੰਮ ਕਰ ਰਹੇ ਹਨ)

4-5 ਖਾਲੀ

### ਗੈਸ ਮੈਨ :

1 - 2 ਖਾਲੀ

### ਲੈਬ ਅਟੈਂਡੈਂਟ :

1. ਸ਼੍ਰੀ ਹੁਕਮ ਚੰਦ
2. ਸ਼੍ਰੀ ਪਿਆਰੇ ਲਾਲ
3. ਸ਼੍ਰੀ ਮਨੀਸ਼ ਕੁਮਾਰ
4. ਸ਼੍ਰੀ ਸੁਖਦੇਵ ਸਿੰਘ
5. ਸ਼੍ਰੀ ਕਿਸ਼ਨ ਕੁਮਾਰ
6. ਸ਼੍ਰੀ ਮਦਨ ਲਾਲ
7. ਸ਼੍ਰੀ ਜੀਤ ਪਾਲ
8. ਸ਼੍ਰੀ ਗੁਰਦੀਪ ਸਿੰਘ (ਪ੍ਰੀਖਿਆ ਸ਼ਾਖਾ ਵਿੱਚ ਕੰਮ ਕਰ ਰਹੇ ਹਨ)

9-12 ਖਾਲੀ

### ਸ਼ਾਮ ਦਾ ਕਾਲਜ :

1. ਸ਼੍ਰੀ ਹਰਿੰਦਰ ਸਿੰਘ ਕਲਰਕ (ਫੰਡਜ਼ ਅਤੇ ਰੂਸਾ )

## ਵਿਦਿਆਰਥੀਆਂ ਲਈ ਅਤੀ ਜ਼ਰੂਰੀ ਹਦਾਇਤਾਂ:

1. ਖ਼ਾਲੀ ਪੀਰੀਅਡਾਂ ਵਿੱਚ ਕਾਲਜ ਦੇ ਵਰਾਂਡਿਆਂ ਅਤੇ ਸੜਕਾਂ 'ਤੇ ਘੁੰਮਣਾ ਮਨ੍ਹਾਂ ਹੈ।
2. ਕਾਲਜ ਦੀ ਹਾਕੀ ਗਰਾਊਂਡ ਵਿੱਚੋਂ ਲੰਘਣ ਦੀ ਮਨਾਂਹੀ ਹੈ।
3. ਕੋਈ ਵੀ ਵਿਦਿਆਰਥੀ ਕਾਲਜ ਨੋਟਿਸ ਬੋਰਡ ਉਪਰ ਆਪਣੇ ਪੱਧਰ 'ਤੇ ਕੋਈ ਸੂਚਨਾ ਲਿਖ ਕੇ ਨਹੀਂ ਲਗਾਏਗਾ।
4. ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸਮੇਂ-ਸਮੇਂ ਤੇ ਅਧਿਆਪਕਾਂ ਤੋਂ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਅਤੇ ਅਨੁਸ਼ਾਸ਼ਨ ਬਾਰੇ ਪੁੱਛ-ਗਿੱਛ ਕਰਦੇ ਰਹਿਣ। ਕਾਲਜ ਕਿਸੇ ਵੀ ਸੂਚਨਾ ਨੂੰ ਆਮ ਤੌਰ 'ਤੇ ਡਾਕ ਰਾਹੀਂ ਨਹੀਂ ਭੇਜੇਗਾ। ਨਾਮ ਕੱਟਣ ਜਾਂ ਗ਼ੈਰ-ਹਾਜ਼ਰੀਆਂ ਦੀ ਸੂਚਨਾ ਕੇਵਲ ਨੋਟਿਸ ਬੋਰਡ 'ਤੇ ਲਗਾਈ ਜਾਵੇਗੀ।
5. ਅਨੁਸ਼ਾਸ਼ਨ ਕਾਇਮ ਰੱਖਣਾ ਹਰ ਵਿਦਿਆਰਥੀ ਦੀ ਜ਼ਿੰਮੇਵਾਰੀ ਹੈ। ਅਨੁਸ਼ਾਸ਼ਨ ਭੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।
6. ਕਲਾਸ ਵਿੱਚ ਮੋਬਾਈਲ ਫੋਨ ਬੰਦ ਕਰਕੇ ਰੱਖੋ। ਕਲਾਸ ਵਿੱਚ ਰਿੰਗ ਵੱਜਣ 'ਤੇ ਅਤੇ ਬਾਹਰ ਗਾਣੇ ਜਾਂ ਮਿਊਜ਼ਿਕ ਸੁਣਨ ਤੇ ਮੋਬਾਈਲ ਜ਼ਬਤ ਕੀਤਾ ਜਾਵੇਗਾ ਅਤੇ ਵਿਦਿਆਰਥੀ ਵਿਰੁੱਧ ਸਖ਼ਤ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ। ਜ਼ੁਰਮਾਨਾ ਵੀ ਕੀਤਾ ਜਾਵੇਗਾ।
7. ਕਾਲਜ ਦਾ ਕੋਈ ਵੀ ਵਿਦਿਆਰਥੀ ਬਾਹਰਲੇ ਕਿਸੇ ਵੀ ਵਿਦਿਆਰਥੀ ਨੂੰ ਕਾਲਜ ਵਿੱਚ ਨਹੀਂ ਲਿਆ ਸਕਦਾ।
8. ਉਪਰੋਕਤ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂੰ 100 ਤੋਂ 500 ਰੁਪਏ ਤੱਕ ਜੁਰਮਾਨਾ ਕੀਤਾ ਜਾਵੇਗਾ। ਉਸ ਦਾ ਮੁੜ ਦਾਖ਼ਲਾ ਰੋਕਿਆ ਜਾ ਸਕਦਾ ਹੈ।
9. ਮਾਨਯੋਗ ਸੁਪਰੀਮ ਕੋਰਟ ਦੀ ਐਸ.ਐਲ.ਪੀ. (ਸੀ) ਨੰ: 25295/2004 ਅਨੁਸਾਰ ਕੋਈ ਵੀ ਵਿਦਿਆਰਥੀ ਰੈਗਿੰਗ (Ragging) ਨਹੀਂ ਕਰੇਗਾ। ਰੈਗਿੰਗ ਕਰਨਾ ਕਾਨੂੰਨੀ ਜ਼ੁਰਮ ਹੈ ਅਤੇ ਇਸ ਦੀ ਸਖ਼ਤ ਸਜ਼ਾ ਹੋਵੇਗੀ।
10. ਜਿਨਸੀ ਉਤਪੀੜਨ (Sexual Harassment) ਨਾਲ ਸੰਬੰਧਿਤ ਸ਼ਿਕਾਇਤ ਮਿਲਣ ਤੇ ਨਿਯਮਾਂ ਅਤੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।
11. ਸ਼ਾਮ ਦੇ ਕਾਲਜ ਵਿੱਚ ਦਾਖ਼ਲ ਹੋਇਆ ਹਰੇਕ ਵਿਦਿਆਰਥੀ ਆਪਣਾ Employment Bio-Data Form ਦਾਖ਼ਲੇ ਸਮੇਂ ਭਰ ਕੇ ਦੇਵੇਗਾ। ਇਹ ਫਾਰਮ ਦਾਖ਼ਲਾ ਕਮੇਟੀ ਦੇ ਕਨਵੀਨਰ ਪਾਸ ਉਪਲੱਬਧ ਹੋਵੇਗਾ ਅਤੇ ਇਹ ਕਾਲਜ ਦੀ ਵੈੱਬਸਾਈਟ ਤੇ ਵੀ ਉਪਲੱਬਧ ਹੋਵੇਗਾ।
12. ਵਿਦਿਆਰਥੀ ਕਾਲਜ ਵਿੱਚ ਸ਼ਨਾਖ਼ਤੀ ਕਾਰਡ ਹਮੇਸ਼ਾ ਨਾਲ ਰੱਖਣਗੇ ਅਤੇ ਮੰਗ ਕਰਨ 'ਤੇ ਦਿਖਾਉਣਗੇ।
13. ਇਹ ਵਿਦਿਆਰਥੀਆਂ ਦੇ ਹਿੱਤ ਵਿੱਚ ਹੈ ਕਿ ਉਹ ਹਰ ਰੋਜ਼ ਨੋਟਿਸ ਬੋਰਡ ਪੜ੍ਹਨ ਕਿਉਂਕਿ ਵਿਦਿਆਰਥੀਆਂ ਲਈ ਹਰੇਕ ਸੂਚਨਾ ਕੇਵਲ ਨੋਟਿਸ ਰਾਹੀਂ ਹੀ ਦਿੱਤੀ ਜਾਂਦੀ ਹੈ। ਨੋਟਿਸ ਬੋਰਡ ਨਾ ਪੜ੍ਹਨ ਦੀ ਸੂਰਤ ਵਿੱਚ ਸੂਚਨਾ ਤੋਂ ਵਾਂਝੇ ਰਹਿਣ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।
14. ਕਾਲਜ ਵਿੱਚ ਗੈਰ ਸੱਭਿਅਕ ਪਹਿਰਾਵਾ ਪਾਉਣ ਅਤੇ ਮੰਦੀ ਬੋਲੀ ਬੋਲਣ ਦੀ ਸਖ਼ਤ ਮਨਾਹੀ ਹੈ।
15. ਯੂਨੀਵਰਸਿਟੀ ਫੀਸ ਭੇਜਣ ਤੋਂ ਬਾਅਦ ਵਿਦਿਆਰਥੀ ਨੂੰ ਕੋਈ ਫੀਸ ਰੀਫੰਡ ਨਹੀ ਹੋਵੇਗੀ।

## ਹਾਜ਼ਰੀਆਂ/ਛੁੱਟੀਆਂ/ਮੁੜ-ਦਾਖਲਾ

### ਹਾਜ਼ਰੀਆਂ (Attendance)

ਪ੍ਰੀਖਿਆ ਵਿੱਚ ਬੈਠਣ ਦੇ ਯੋਗ ਹੋਣ ਲਈ ਵਿਦਿਆਰਥੀਆਂ ਲਈ ਹਰੇਕ ਵਿਸ਼ੇ ਅਤੇ ਪ੍ਰੈਕਟੀਕਲਾਂ ਵਿੱਚ ਘੱਟੋ-ਘੱਟ 75 ਪ੍ਰਤੀਸ਼ਤ ਹਾਜ਼ਰੀਆਂ ਜ਼ਰੂਰੀ ਹਨ (ਪੰਜਾਬ ਯੂਨੀਵਰਸਿਟੀ ਚਿੱਠੀ ਨੰ: 2807-2917/MISC ਮਿਤੀ 16-04-2002) ਸਰੀਰਕ ਸਿੱਖਿਆ ਦੇ ਪ੍ਰੈਕਟੀਕਲਾਂ ਵਿੱਚੋਂ 80 ਪ੍ਰਤੀਸ਼ਤ ਹਾਜ਼ਰੀਆਂ ਜ਼ਰੂਰੀ ਹਨ।

**ਨੋਟ :** ਆਮ ਤੌਰ 'ਤੇ ਵਿਦਿਆਰਥੀਆਂ ਦੇ ਮਾਪੇ ਇਸ ਸੰਬੰਧ ਵਿੱਚ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਨੂੰ ਲੈਕਚਰ ਸ਼ਾਰਟੇਜ਼ ਜਾਂ ਘਰੇਲੂ ਇਮਤਿਹਾਨਾਂ ਦੇ

ਨਤੀਜੇ ਦੀ ਸੂਚਨਾ ਨਹੀਂ ਭੇਜੀ ਗਈ। ਇਸ ਸੰਬੰਧੀ ਇਹ ਨੋਟ ਕਰ ਲਿਆ ਜਾਵੇ ਕਿ ਅਜਿਹੀ ਸੂਚਨਾ ਕੇਵਲ ਵਿਦਿਆਰਥੀਆਂ ਦੇ ਨੋਟਿਸ ਬੋਰਡ 'ਤੇ ਹੀ

ਲਗਾਈ ਜਾਵੇਗੀ। ਮਾਪਿਆਂ ਨੂੰ ਡਾਕ ਰਾਹੀਂ ਕੋਈ ਅਜਿਹੀ ਸੂਚਨਾ ਨਹੀਂ ਭੇਜੀ ਜਾਵੇਗੀ। ਕਾਲਜ ਦੇ ਘਰੇਲੂ ਇਮਤਿਹਾਨਾਂ/ਹਾਜ਼ਰੀਆਂ ਸੰਬੰਧੀ ਜਾਣਕਾਰੀ ਹਾਸਿਲ ਕਰਨੀ ਮਾਪਿਆਂ/ਸਰਪ੍ਰਸਤਾਂ ਦੀ ਨਿੱਜੀ ਜ਼ਿੰਮੇਵਾਰੀ ਹੈ। ਹਾਜ਼ਰੀਆਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਹਰ ਹਾਲਤ ਵਿੱਚ ਡਿਟੇਨ ਕੀਤਾ ਜਾਵੇਗਾ।

### ਕਾਲਜ ਤੋਂ ਛੁੱਟੀ ਦੇ ਨਿਯਮ (Leave Rules)

ਜ਼ਰੂਰੀ ਕੰਮ ਅਤੇ ਬੀਮਾਰੀ ਲਈ ਛੁੱਟੀ ਨਿਰਧਾਰਿਤ ਫਾਰਮ ਉੱਪਰ ਟਿਊਟਰ ਪਾਸੋਂ ਮਨਜ਼ੂਰ ਕਰਵਾਈ ਜਾਣੀ ਜ਼ਰੂਰੀ ਹੈ। ਇਸ ਬਿਨੈ ਪੱਤਰ ਉਪਰ ਮਾਪਿਆਂ ਦੇ ਦਸਤਖ਼ਤ ਵੀ ਜ਼ਰੂਰੀ ਹਨ। ਆਮ ਕਰਕੇ ਬੀਮਾਰੀ ਦੀ ਹਾਲਤ ਵਿੱਚ ਇੱਕ ਸਮੇਂ ਪੰਜ ਦਿਨ ਤੱਕ ਦੀ ਛੁੱਟੀ ਟਿਊਟਰ ਪਾਸੋਂ ਮਨਜ਼ੂਰ ਕਰਵਾਈ ਜਾ ਸਕਦੀ ਹੈ। ਬੀਮਾਰੀ ਕਾਰਨ ਪੰਜ ਦਿਨ ਤੋਂ ਵੱਧ ਗੈਰ ਹਾਜ਼ਿਰ ਰਹਿਣ ਵਾਲੇ ਵਿਦਿਆਰਥੀਆਂ ਦੀ ਛੁੱਟੀ ਦੀ ਅਰਜ਼ੀ ਨਾਲ ਯੋਗਤਾ ਪ੍ਰਾਪਤ ਡਾਕਟਰ ਦਾ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੋਵੇਗਾ। ਇਸ ਦੀ ਮਨਜ਼ੂਰੀ ਸੀਨੀਅਰ ਟਿਊਟਰ ਦੇਵੇਗਾ। ਛੁੱਟੀ ਲੈਣ ਤੋਂ ਬਗ਼ੈਰ ਗੈਰਹਾਜ਼ਿਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਲੱਗੇਗਾ। ਜ਼ਰੂਰੀ ਕੰਮ ਅਤੇ ਬੀਮਾਰੀ ਲਈ ਲਈਆਂ ਗਈਆਂ ਛੁੱਟੀਆਂ ਹਾਜ਼ਰੀਆਂ ਨਹੀਂ ਸਮਝੀਆਂ ਜਾਣਗੀਆਂ।

### ਕਾਲਜ ਤੋਂ ਲੰਬੇ ਸਮੇਂ ਲਈ ਗ਼ੈਰ-ਹਾਜ਼ਰੀ (Long Absence from the College)

ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਉਣ ਤੋਂ ਬਿਨ੍ਹਾਂ ਲਗਾਤਾਰ 7 ਦਿਨਾਂ ਲਈ ਗੈਰਹਾਜ਼ਿਰ ਹਾਜ਼ਰ ਰਹਿੰਦਾ ਹੈ ਜਾਂ ਲਗਾਤਾਰ ਤਿੰਨ ਟਿਊਟੋਰੀਅਲ ਗਰੁੱਪ ਕਲਾਸਾਂ ਵਿੱਚੋਂ ਗੈਰਹਾਜ਼ਿਰ ਰਹਿੰਦਾ ਹੈ ਤਾਂ ਕਾਲਜ ਵਿੱਚੋਂ ਉਸਦਾ ਨਾਮ ਕੱਟ ਦਿੱਤਾ ਜਾਵੇਗਾ। ਅਜਿਹੇ ਵਿਦਿਆਰਥੀ ਦਾ ਨਾਮ ਕੱਟਣ ਦੇ ਨੋਟਿਸ ਨਿਕਲਣ ਤੋਂ ਪੰਦਰਾਂ ਦਿਨ ਦੇ ਅੰਦਰ ਅੰਦਰ ਦੁਬਾਰਾ ਦਾਖ਼ਲੇ ਦੀ ਫੀਸ ਦੇ ਕੇ ਕੇਵਲ ਪ੍ਰਿੰਸੀਪਲ ਦੀ ਆਗਿਆ ਨਾਲ ਦੁਬਾਰਾ ਦਾਖਿਲ ਹੋ ਸਕਦੇ ਹਨ। ਪ੍ਰੰਤੂ ਅਜਿਹੇ ਵਿਦਿਆਰਥੀਆਂ ਨੂੰ ਉਸ ਸਮੇਂ ਜਿਸ ਦੌਰਾਨ ਉਨ੍ਹਾਂ ਦਾ ਨਾਂ ਕੱਟਿਆ ਹੋਇਆ ਸੀ, ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ। ਕਿਸੇ ਵਿਦਿਆਰਥੀ ਦਾ ਦੋ ਵਾਰ ਮੁੜ ਦਾਖ਼ਲੇ ਤੋਂ ਬਾਅਦ ਲਗਾਤਾਰ ਗੈਰਹਾਜ਼ਿਰ ਹੋਣ ਕਰਕੇ ਨਾਮ ਪੱਕੇ ਤੌਰ *ਤੇ ਕੱਟਿਆ ਜਾਵੇਗਾ। ਦੂਜੀ ਵਾਰ ਦੁਬਾਰਾ ਦਾਖਿਲ ਹੋਣ ਲਈ ਮਾਤਾ ਪਿਤਾ ਦਾ ਨਾਲ ਲਿਆਉਣਾ ਜ਼ਰੂਰੀ ਹੋਵੇਗਾ।

## ਸਹਿ-ਅਕਾਦਮਿਕ ਗਤੀਵਿਧੀਆਂ

ਵਿੱਦਿਅਕ ਖੇਤਰ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਨਸਿਕ ਅਤੇ ਸੱਭਿਆਚਾਰਕ ਵਿਕਾਸ ਲਈ ਕੈਂਪਸ ਵਿੱਚ ਭਿੰਨ-ਭਿੰਨ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਸਮੇਂ-ਸਮੇਂ 'ਤੇ ਆਯੋਜਨ ਕੀਤਾ ਜਾਂਦਾ ਹੈ। ਇਹਨਾਂ ਗਤੀਵਿਧੀਆਂ ਵਿੱਚ ਸਿਰਜਣਾਤਮਕ, ਸਮਾਜ ਸੇਵਾ, ਖ਼ੂਨਦਾਨ ਕੈਂਪਾਂ ਵਿੱਚ ਯੋਗਦਾਨ, ਪ੍ਰਸਾਰ ਭਾਸ਼ਣ, ਸਾਹਿਤਿਕ ਗੋਸ਼ਟੀਆਂ, ਨਾਟਕ, ਸੰਗੀਤ, ਭੰਗੜਾ-ਗਿੱਧਾ, ਨਾਚ, ਯੁਵਕ ਸਮਾਗਮ, ਖੇਡ ਸਮਾਗਮ ਅਤੇ ਕਲਾ ਪ੍ਰਦਰਸ਼ਨੀਆਂ ਸ਼ਾਮਿਲ ਹਨ। ਇਹਨਾਂ ਤੋਂ ਇਲਾਵਾ ਵਿਦਿਆਰਥੀਆਂ ਨੂੰ ਦੂਰ-ਦੂਰ ਤੱਕ ਵਿੱਦਿਅਕ ਟੂਰਾਂ ਲਈ ਵੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

**(ੳ) ਐਨ.ਸੀ.ਸੀ. (ਆਰਮੀ ਵਿੰਗ) :** ਐਨ.ਸੀ.ਸੀ. ਆਰਮੀ ਵਿੰਗ ਵਿੱਚ ਜੁਲਾਈ ਵਿੱਚ ਦਾਖ਼ਲਾ ਕੀਤਾ ਜਾਂਦਾ ਹੈ। ਇਸ ਸਬੰਧੀ ਫਾਰਮ ਐਨ.ਸੀ.ਸੀ. ਇੰਚਾਰਜ ਤੋਂ ਦਾਖਲੇ ਉਪਰੰਤ ਪ੍ਰਾਪਤ ਕੀਤੇ ਜਾ ਸਕਦੇ ਹਨ। ਸਰਟੀਫਿਕੇਟ 'ਬੀ' ਅਤੇ 'ਸੀ' ਦੇ ਇਮਤਿਹਾਨਾਂ ਦਾ ਪ੍ਰਬੰਧ ਹੈ। ਇਸ ਵਿੱਚ ਪਰੇਡਾਂ ਅਤੇ ਟ੍ਰੇਨਿੰਗ ਕੈਂਪਾਂ ਤੋਂ ਇਲਾਵਾ, ਹਾਈਕਿੰਗ-ਟਰੈਕਿੰਗ, ਲੀਡਰਸ਼ਿਪ ਕੈਂਪ, ਰਾਸ਼ਟਰੀ ਏਕਤਾ ਕੈਂਪ, ਸਾਈਕਲ/ਸਕੂਟਰ ਰੈਲੀਆਂ, ਖ਼ੂਨਦਾਨ ਕੈਂਪ, ਬਾਹਰਲੇ ਦੇਸ਼ਾਂ 'ਚ ਤਬਾਦਲਾ ਟੂਰ ਆਦਿ ਦੀ ਵੀ ਸਹੂਲਤ ਉਪਲੱਬਧ ਕਰਵਾਈ ਜਾਂਦੀ ਹੈ। ਦਾਖ਼ਲੇ ਲਈ ਮੁਕਾਬਲਾ ਵੀ ਹੁੰਦਾ ਹੈ। ਯੋਗ ਵਿਦਿਆਰਥੀਆਂ ਦੀ ਸਿਲੈਕਸ਼ਨ ਕੀਤੀ ਜਾਂਦੀ ਹੈ।

**(ਅ) ਐਨ.ਸੀ.ਸੀ. (ਏਅਰ ਵਿੰਗ) :** ਕਾਲਜ ਵਿੱਚ ਐਨ.ਸੀ.ਸੀ. ਏਅਰ ਵਿੰਗ ਵੀ ਚੱਲ ਰਿਹਾ ਹੈ। ਇਸਦਾ ਦਾਖ਼ਲਾ ਵੀ ਜੁਲਾਈ ਵਿੱਚ ਕੀਤਾ ਜਾਂਦਾ ਹੈ। ਇਸ ਵਿੱਚ ਪਰੇਡਾਂ ਤੋਂ ਇਲਾਵਾ ਕਈ ਕਿਸਮ ਦੇ ਉਪਰੋਕਤ ਅਨੁਸਾਰ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਐਰੋ-ਮਾਡਲਿੰਗ, ਪੈਰਾ-ਸੈਲਿੰਗ, ਗਲਾਇਡਿੰਗ, ਫਲਾਇੰਗ ਅਤੇ ਪਾਵਰ ਫਲਾਇੰਗ ਦੀ ਵੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ੲ) ਐਨ.ਐਸ.ਐਸ. :** ਕਾਲਜ ਵਿੱਚ ਐਨ.ਐਸ.ਐਸ. ਦੀਆਂ ਤਿੰਨ ਇਕਾਈਆਂ ਹਨ - ਇੱਕ ਲੜਕੀਆਂ ਲਈ ਅਤੇ ਦੋ ਲੜਕਿਆਂ ਲਈ। ਇਨ੍ਹਾਂ ਦਾ ਦਾਖ਼ਲਾ ਵੀ ਅਗਸਤ ਵਿੱਚ ਕੀਤਾ ਜਾਂਦਾ ਹੈ। ਇਸ ਵਿੱਚ ਇੱਕ ਰੋਜ਼ਾ ਕੈਂਪ ਤੋਂ ਇਲਾਵਾ ਸਾਲ ਵਿੱਚ ਇੱਕ ਸੱਤ ਰੋਜ਼ਾ ਕੈਂਪ ਵੀ

ਲਗਾਇਆ ਜਾਂਦਾ ਹੈ। ਇਸ ਨਾਲ ਵਿਦਿਆਰਥੀਆਂ 'ਚ ਸਮਾਜ ਸੇਵਾ ਦੀ ਭਾਵਨਾ ਭਰੀ ਜਾਂਦੀ ਹੈ ।

(ਸ) **ਯੂਥ ਕਲੱਬ :** ਕਾਲਜ ਵਿੱਚ ਅਗਸਤ ਮਹੀਨੇ ਵਿੱਚ ਯੂਥ ਕਲੱਬ ਦੇ ਮੈਂਬਰ ਬਣਾਏ ਜਾਂਦੇ ਹਨ। ਇਹ ਕਲੱਬ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ ਯਤਨ ਕਰਦਾ ਹੈ। ਇਹ ਕਈ ਕਿਸਮ ਦੇ ਟੂਰਾਂ-ਟਰਿੱਪਾਂ ਆਦਿ ਦਾ ਵੀ ਪ੍ਰਬੰਧ ਕਰਦਾ ਹੈ ।

(ਹ) **ਫੋਟੋਗ੍ਰਾਫੀ ਕਲੱਬ :** ਕਾਲਜ ਵਿੱਚ ਫੋਟੋਗ੍ਰਾਫੀ ਅਤੇ ਫਾਈਨ ਆਰਟਸ ਕਲੱਬ ਵੀ ਕੰਮ ਕਰ ਰਹੇ ਹਨ। ਵਿਦਿਆਰਥੀ ਇਸ ਦੇ ਮੈਂਬਰ ਵੀ ਬਣ ਸਕਦੇ ਹਨ ।

(ਕ) **ਰੈੱਡ ਰਿਬਨ ਕਲੱਬ :** ਇਹ ਕਲੱਬ ਵਿਦਿਆਰਥੀਆਂ ਵਿੱਚ ਏਡਜ਼ ਸਬੰਧੀ ਜਾਣਕਾਰੀ ਦੇਣ ਅਤੇ ਰੋਕਥਾਮ ਲਈ ਬਣਾਇਆ ਜਾਂਦਾ ਹੈ ।

(ਖ) **ਪ੍ਰਸਾਰ ਭਾਸ਼ਣ (ਐਕਸਟੈਸ਼ਨ ਲੈਕਚਰ) :** ਅਧਿਐਨ ਤੋਂ ਇਲਾਵਾ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧੇ ਲਈ ਨਾਮਵਰ ਵਿਦਵਾਨ ਬੁਲਾ ਕੇ ਗੋਸ਼ਟੀਆਂ ਅਤੇ ਭਾਸ਼ਣਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹਨਾਂ ਲੈਕਚਰਾਂ ਵਿੱਚ ਕੇਵਲ ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਹੀ ਬੈਠਣ ਦੀ ਆਗਿਆ ਹੁੰਦੀ ਹੈ ।

(ਗ) **ਵਿਦਿਆਰਥੀ ਸੰਗਠਨ (ਸਟੂਡੈਂਟ ਕਾਊਂਸਿਲ) :** ਕਾਲਜ ਵਿੱਚ ਵਿਦਿਆਰਥੀਆਂ ਦੀ ਦਿਲਚਸਪੀ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਲਈ ਵਿਦਿਆਰਥੀ ਸੰਗਠਨ ਵੀ ਬਣਾਇਆ ਗਿਆ ਹੈ, ਜਿਹੜਾ ਕਿ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸੰਬੰਧਾਂ ਨੂੰ ਚੰਗਾ ਬਣਾਉਂਦਾ ਹੈ ਅਤੇ ਵਿਦਿਆਰਥੀ ਦੇ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਦਾ ਹੈ। ਇਹ ਸੰਗਠਨ ਕਾਲਜ ਦੇ ਕੈਂਪਸ ਦੇ ਵਿੱਚ ਅਨੁਸ਼ਾਸ਼ਨ ਨੂੰ ਬਣਾਏ ਰੱਖਣ ਵਿੱਚ ਵੀ ਮੱਦਦ ਕਰਦਾ ਹੈ।

(ਘ) **ਫਿਨੀਸ਼ਿੰਗ ਸਕੂਲ:** ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਕਿੱਤਾ ਮੁਖੀ ਕੋਰਸ ਵਜੋਂ **ਫਿਨੀਸ਼ਿੰਗ ਸਕੂਲ** ਦੀ ਸਥਾਪਨਾ।

(ਙ) **ਵੂਮਨ ਡਿਵੈਲਪਮੈਂਟ ਸੈਲੱ:** ਔਰਤਾਂ ਨੂੰ ਸਮਾਜ ਵਿੱਚ ਬਣਦਾ ਮਾਣ ਸਤਿਕਾਰ ਦੇਣ, ਔਰਤਾਂ ਨੂੰ ਸਸ਼ਕਤ ਕਰਨ ਲਈ ਕਾਲਜ ਵਿੱਚ **ਵੂਮਨ ਡਿਵੈਂਲਪਮੈਂਟ ਸੈਲੱ** ਕੰਮ ਕਰਦਾ ਹੈ।

(ਚ) **ਮਿਊਜ਼ਿਕ ਕਲੱਬ:** **ਮਿਊਜ਼ਿਕ ਕਲੱਬ** ਵਿਦਿਆਰਥੀਆਂ ਅੰਦਰ ਸੰਗੀਤਿਕ ਰੁਚੀਆਂ ਪੈਦਾ ਕਰਨ ਤੋਂ ਇਲਾਵਾ ਕਾਲਜ ਸਮਾਗਮਾਂ ਵਿੱਚ ਸੰਗੀਤਿਕ ਵੰਨਗੀਆਂ ਦੀ ਪੇਸ਼ਕਾਰੀ ਕਰਦਾ ਹੈ।

## DISCLAIMER

ਭਾਵੇਂ ਕਿ ਹਰ ਸਹੀ ਅਤੇ ਭਰੋਸੇਯੋਗ ਸੂਚਨਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ, ਪਰ ਫਿਰ ਵੀ ਕਿਸੇ ਵੀ ਪੱਧਰ ਤੇ ਸੂਚਨਾ ਦੀ ਛਪਾਈ / ਸੰਗ੍ਰਹਿ ਸਬੰਧੀ ਗਲਤੀ ਹੋਣ ਲਈ ਪ੍ਰਿੰਸੀਪਲ ਦੀ ਕਿਸੇ ਵੀ ਕਿਸਮ ਦੀ ਕੋਈ ਕਾਨੂੰਨੀ ਜ਼ਿਮੇਵਾਰੀ ਨਹੀਂ ਹੈ।

ਪ੍ਰਾਸਪੈਕਟਸ ਵਿੱਚ ਦਿੱਤੇ ਗਏ ਵੇਰਵਿਆਂ ਉਤੇ ਪੰਜਾਬ ਯੂਨੀਵਰਸਿਟੀ ਜਾਂ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਜਾਂ ਕਾਲਜ ਪ੍ਰਸ਼ਾਸਨ ਵੱਲੋਂ ਨਿਯਮਾਂ ਵਿੱਚ ਸਮੇਂ-ਸਮੇਂ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।

ਪ੍ਰਿੰਸੀਪਲ

# ਹੋਸਟਲ ਦੇ ਨਿਯਮ

1. ਹੋਸਟਲ ਵਿੱਚ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਨੂੰ ਕਾਲਜ ਵਿੱਚ ਦਾਖਲਾ ਲੈਣ ਉਪਰੰਤ ਹੋਸਟਲ ਫਾਰਮ ਦਫ਼ਤਰ ਵਿੱਚੋ ਲੈ ਕੇ ਵੱਖਰੇ ਤੌਰ ਤੇ ਭਰ ਕੇ ਦੇਣਾ ਹੋਵੇਗਾ।
2. ਜੇਕਰ ਕੋਈ ਵਿਦਿਆਰਥੀ ਹੋਸਟਲ ਛੱਡਣਾ ਚਾਹੁੰਦਾ ਹੈ ਤਾਂ ਉਹ ਨਿਰਧਾਰਤ ਫਾਰਮ ਨੂੰ ਭਰ ਕੇ ਆਪਣੇ ਹੋਸਟਲ ਵਾਰਡਨ (ਲੜਕੇ/ਲੜਕੀਆਂ ) ਤੋਂ ਪ੍ਰਵਾਨਗੀ ਲੈਕੇ ਛੱਡ ਸਕਦਾ ਹੈ।
3. ਸ਼ਾਮ ਦੇ ਕਾਲਜ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਅਤੇ ਲੋਕਲ ਰਹਿਣ ਵਾਲੇ ਵਿਦਿਆਰਥੀਆ ਨੂੰ ਹੋਸਟਲ ਕਮਰਾ ਨਹੀਂ ਦਿੱਤਾ ਜਾਵੇਗਾ।
4. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਹੋਸਟਲ ਨਿਯਮਾਂ ਦੀ ਇੰਨਬਿੰਨ ਪਾਲਣਾ ਕਰਨਗੇ, ਜੇਕਰ ਕੋਈ ਵਿਦਿਆਰਥੀ ਕਿਸੇ ਵੀ ਤਰਾਂ ਦੀ ਅਨੁਸ਼ਾਸ਼ਨਹੀਣਤਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ। ਹੋਸਟਲ ਨੋਟਿਸ ਬੋਰਡ ਨੂੰ ਧਿਆਨ ਨਾਲ ਪੜਿਆ ਜਾਵੇ।
5. ਹੋਸਟਲ ਟਾਇਮ ਤੋਂ ਬਾਅਦ ਹੋਸਟਲ ਅੰਦਰ ਜਾਂ ਬਾਹਰ ਜਾਣ ਦੀ ਆਗਿਆ ਨਹੀਂ ਹੈ। ਨਿਰਧਾਰਤ ਸਮੇਂ ਤੋਂ ਬਾਅਦ ਬਾਹਰ ਜਾਣ ਲਈ ਹੋਸਟਲ ਵਾਰਡਨ ਦੀ ਪ੍ਰਵਾਨਗੀ ਅਤੀ ਜ਼ਰੂਰੀ ਹੈ।
6. ਬਾਹਰਲੇ ਕਿਸੇ ਵੀ ਵਿਅਕਤੀ ਨੂੰ ਹੋਸਟਲ ਵਿੱਚ ਰੁਕਣ ਦੀ ਆਗਿਆ ਨਹੀ ਹੋਵੇਗੀ ।
7. ਬਿਜਲੀ ਪਾਣੀ ਦੀ ਵਰਤੋਂ ਲੋੜ ਅਨੁਸਾਰ ਅਤੇ ਸੰਜਮ ਨਾਲ ਕਰੋ। ਬਿਜਲੀ, ਪਾਣੀ ਦੀ ਦੁਰਵਰਤੋਂ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ।
8. ਹੋਸਟਲ ਦੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਣਾ ਇੱਕ ਅਪਰਾਧ ਹੈ। ਜੇਕਰ ਕੋਈ ਵੀ ਅਜਿਹਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।
9. ਹੋਸਟਲ ਵਿੱਚ ਬਾਹਰੋ ਖਾਣ ਵਾਲੀਆਂ ਚੀਜ਼ਾਂ ਦਾ ਅੰਦਰ ਆਉਣਾ ਮਨ੍ਹਾਂ ਹੈ।
10. ਹੋਸਟਲ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਦੁਬਾਰਾ ਦਾਖਿਲ ਨਹੀਂ ਕੀਤਾ ਜਾਵੇਗਾ।
11. ਹੋਸਟਲ ਵਿਦਿਆਰਥੀ ਮੈਸੱ ਦਾ ਬਿੱਲ ਤਹਿ ਕੀਤੀ ਮਿਤੀ ਤੇ ਹੀ ਜਮ੍ਹਾਂ ਕਰਵਾਉਣਗੇ । ਲੇਟ ਹੋਣ ਦੀ ਸੂਰਤ ਵਿਚ 50 ਰੁਪੈ ਪ੍ਰਤੀਦਿਨ ਜੁਰਮਾਨਾ ਕੀਤਾ ਜਾਵੇਗਾ।

**ਕਨਵੀਨਰ ਹੋਸਟਲ (ਲੜਕੇ) : ਪ੍ਰੋ. ਕੁਲਵੰਤ ਸਿੰਘ (ਮੋ: 98762-52552)**

**ਕਨਵੀਨਰ ਹੋਸਟਲ (ਲੜਕੀਆਂ) : ਪ੍ਰੋ. ਸੰਜੂ ਗੁਪਤਾ (ਮੋ: 94176-00009)**

## ਦਾਖ਼ਲਾ ਸ਼ਡਿਊਲ

ਦਾਖ਼ਲਾ ਸ਼ਡਿਊਲ ਪੰਜਾਬ ਸਰਕਾਰ ਵੱਲੋਂ ਨਿਰਧਾਰਿਤ ਕੀਤਾ ਜਾਵੇਗਾ। ਵਿਦਿਆਰਥੀ ਕਾਲਜ ਦੀ ਵੈਬਸਾਈਟ **(www.scdgovtcollege.ac.in)** ਅਤੇ ਪੰਜਾਬ ਸਰਕਾਰ ਦਾ ਪ੍ਰੈਸੱ ਅਤੇ ਇਲੈਕਟ੍ਰੋਨਿਕ ਮੀਡੀਆ ਦੇਖਦੇ ਰਹਿਣ। ਕਾਲਜ ਵਿੱਚ ਦਾਖ਼ਲ ਹੋਣ ਦੇ ਚਾਹਵਾਨ ਵਿਦਿਆਰਥੀ ਆਪਣਾ ਨਾਮ ਹੁਣ ਤੋਂ ਹੀ ਕਾਲਜ ਆ ਕੇ ਜਾਂ ਵੈਬ ਸਾਇਟ ਤੇ ਜਾ ਕੇ ਰਜਿਸਟਰ ਕਰਵਾ ਸਕਦੇ ਹਨ। ਦਾਖ਼ਲੇ ਸੰਬੰਧੀ ਕਾਲਜ ਦੇ ਹੇਠ ਲਿਖੇ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

**Helpdesk No. 0161- 2444988 Email: scdldhhelp@gmail.com**

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਸਵੈ ਘੋਸ਼ਣਾ ਫਾਰਮ

### ਮਾਪਿਆਂ ਵੱਲੋਂ ਸਵੈ-ਘੋਸ਼ਣਾ ਪੱਤਰ

ਮੈਂ.................................................ਪੁੱਤਰ/ਪੁੱਤਰੀ/ਪਤਨੀ............................................

ਪਿਤਾ/ਮਾਤਾ...................................................................(ਵਿਦਿਆਰਥੀ, ਵਿਦਿਆਰਥਣ ਦਾ ਨਾਮ)

ਕਲਾਸ.......................................ਰੋਲ ਨੰਬਰ................................ਵਾਸੀ.......................

..........................................................................................................................

ਹੇਠ ਲਿਖੇ ਅਨੁਸਾਰ ਘੋਸ਼ਣਾ ਕਰਦਾ/ਕਰਦੀ ਹਾਂ ਕਿ :-

ਮੈਂ ਅਨੁਸੂਚਿਤ ਜਾਤੀ...............................................................ਨਾਲ ਸਬੰਧ ਰੱਖਦਾ/ਰੱਖਦੀ ਹਾਂ ਅਤੇ ਮੇਰੇ ਸਾਰੇ ਪਰਿਵਾਰ ਦੀ ਸਾਰੇ ਵਸੀਲਿਆਂ ਤੋਂ **ਸਾਲਾਨਾ ਆਮਦਨ 2.50 ਲੱਖ ਤੋਂ ਘੱਟ** ਹੈ। ਪੰਜਾਬ ਸਰਕਾਰ ਵਲੋਂ ਯੂਨੀਵਰਸਿਟੀ ਨੂੰ ਭੇਜੀ ਜਾਣ ਵਾਲੀ ਫੀਸ/ਵੰਡ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਇਹ ਫੀਸਾਂ/ਵੰਡ ਪ੍ਰੀਖਿਆ ਫਾਰਮ ਭਰਨ ਵੇਲੇ ਅਦਾ ਕਰਨ ਲਈ ਮੈਂ ਵਚਨ ਬੱਧ ਹਾਂ।

| ਵਿਦਿਆਰਥੀ<br>ਦੀ ਫੋਟੋ ਅਤੇ ਹਸਤਾਖਰ<br><br>(ਅੱਧੇ ਹਸਤਾਖਰ ਫੋਟੋ<br>ਤੋਂ ਬਾਹਰ ਹੋਣ) |
|---|

ਘੋਸ਼ਣਾ ਕਰਤਾ

ਮੈ ਘੋਸਣਾ ਕਰਦਾ/ਕਰਦੀ ਹਾਂ ਕਿ ਉਪਰੰਕਤ ਅਤੇ ਨੱਥੀ ਦਸਤਾਵੇਜਾਂ ਵਿੱਚ ਦਿੱਤੀ ਸੂਚਨਾ ਮੇਰੀ ਜਾਣਕਾਰੀ ਅਤੇ ਵਿਸ਼ਵਾਸ਼ ਅਨੁਸਾਰ ਹੈ ਅਤੇ ਇਸ ਵਿੱਚ ਕੁਝ ਵੀ ਛੁਪਾਇਆ ਨਹੀਂ ਗਿਆ। ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਜੇਕਰ ਮੇਰੇ ਦੁਆਰਾ ਦਿੱਤੀ ਗਈ ਸੂਚਨਾ ਝੂਠੀ ਸਾਬਿਤ ਹੁੰਦੀ ਹੈ, ਤਾਂ ਮੈਂ ਕਾਨੂੰਨ ਅਧੀਨ ਸਜ਼ਾ ਦਾ ਭਾਗੀਦਾਰ ਹੋਵਾਂਗਾ/ਹੋਵਾਂਗੀ ਅਤੇ ਅਜਿਹਾ ਸੂਚਨਾ ਦੇ ਅਧਾਰ ਤੇ ਮੈਨੂੰ ਮਿਲੇ ਲਾਭ ਸਹਮਤੀ ਤੌਰ ਤੇ (Summarily) ਖਤਮ ਹੋ ਜਾਣਗੇ।

| ਘੋਸ਼ਣਾ ਕਰਤਾ<br>ਦੀ ਫੋਟੋ ਅਤੇ ਹਸਤਾਖਰ<br><br>(ਅੱਧੇ ਹਸਤਾਖਰ ਫੋਟੋ<br>ਤੋਂ ਬਾਹਰ ਹੋਣ) |
|---|

← ਮਾਤਾ / ਪਿਤਾ ਦੀ ਫੋਟੋ

ਘੋਸ਼ਣਾ ਕਰਤਾ

# ਗੈਪ ਕੇਸ ਸਵੈ-ਘੋਸ਼ਣਾ ਫਾਰਮ

ਮੈਂ.......................................................................................................................

ਪੁੱਤਰ/ਪੁੱਤਰੀ/ ਸ਼੍ਰੀ..........................................................................................................

ਵਾਸੀ............................................................................................................

.......................................................................................................................

ਜ਼ਿਲ੍ਹਾ..............................ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈ ਕਲਾਸ..........................................

ਪਾਸ ਕੀਤੀ ਹੈ ।

ਇਹ ਕਿ ਮੈਂ.......................................ਪਿਛਲੇ ਸਾਲ ਤੋਂ ਕਿਸੇ ਵੀ ਕਾਲਜ ਵਿੱਚ ਦਾਖਲਾ ਨਹੀ ਲਿਆ ਸੀ।

ਮੈ ਇਸ ਦੌਰਾਨ ਕਿਸੇ ਵੀ ਤਰ੍ਹਾਂ ਦੀ ਸਮਾਜ ਵਿਰੋਧੀ ਗਤੀਵਿਧੀ ਵਿੱਚ ਭਾਗ ਨਹੀ ਲਿਆ ਹੈ।

ਇਹ ਕਿ ਇਸ ਸਮੇਂ ਦੌਰਾਨ ਮੇਰੇ ਤੇ ਕੋਈ ਵੀ ਅਪਰਾਧਿਕ ਮਾਮਲਾ ਦਰਜ ਨਹੀਂ ਹੈ ਜੀ।

ਮੇਰੀ ਉਪਰੋਕਤ ਸਵੈ-ਘੋਸ਼ਣਾ ਨੂੰ ਧਿਆਨ ਵਿੱਚ ਰੱਖਦਿਆਂ ਮੈਨੂੰ ਆਪਣੇ ਕਾਲਜ ਵਿੱਚ ਬੀ.ਏ. / ਬੀ.ਕਾਮ / ਬੀ.ਐਸ ਸੀ,

ਐਮ.ਏ................................/ਐਮ.ਐਸ ਸੀ........................../ਐਮ ਕਾਮ............................

ਵਿੱਚ ਦਾਖਲੇ ਲਈ ਵਿਚਾਰਿਆ ਜਾਵੇ ਜੀ ।

ਉਪਰੋਕਤ ਦਿੱਤੀ ਜਾਣਕਾਰੀ ਮੇਰੀ ਜਾਣਕਾਰੀ ਅਨੁਸਾਰ ਸਹੀ ਦਰੁਸਤ ਹੈ।

ਦਸਤਖ਼ਤ (ਘੋਸ਼ਣਾ ਕਰਤਾ)

## Evening College Form

It is certified that ..........................................................................................................................................son of ..................................................................................................................................... works in the office/ factory / firm .........................................................................................................................................His monthly income / salary is Rs.........................................I have no objection to his taking admissions in the Government College (Evening Classes) Ludhiana.

I take responsibility for relieving him from duty every day in time for his classes.

Signature Officer/Owner

(With Stamp)

## Single Girl Child Form

I.........................................................................................................................(Name) Father / Mother of Miss ......................................................................................... resident of........................................................... .....................................................................................................(full address to be given) do hereby, solemnly declare and affirm as under:

1. That I am a citizen of India.
2. That Miss ........................................................ born on. Is the only (Single) Girl Child of the deponent.
3. That the deponent has no living Male / Female child other than the above one.

Place: Deponent

Dated:

Verification

Verified that the contents of the above affidavit are true and correct to the best of my knowledge and belief and nothing has been concealed therein.

Place: Deponent

Dated:

## ਐਂਟੀ ਰੈਗਿੰਗ ਸੈਲ

ਇਹ ਸੰਸਥਾ ਭਾਰਤ ਦੀਆਂ ਉਹਨਾਂ ਸੰਸਥਾਵਾਂ ਵਿੱਚੋਂ ਇਕ ਹੈ ਜਿੱਥੇ ਵਿਦਿਆਰਥੀਆਂ ਦੀ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ। ਇਸ ਸਬੰਧੀ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਹੋਈ ਹੈ। ਜੇਕਰ ਕੋਈ ਵਿਦਿਆਰਥੀ ਜੂਨੀਅਰ ਵਿਦਿਆਰਥੀਆਂ ਦੀ ਰੈਗਿੰਗ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਇਹ ਇਕ ਅਪਰਾਧਿਕ ਮਾਮਲਾ ਹੈ। ਪੀੜਤ ਵਿਦਿਆਰਥੀ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦਾ ਹੈ।

ਡਾ ਸੱਤਿਆ ਰਾਣੀ: 94179 19419

## ਜਿਨਸੀ ਉਤਪੀੜਨ ਸੈਲ

ਇਹ ਸੰਸਥਾ ਭਾਰਤ ਦੀਆਂ ਉਹਨਾਂ ਸੰਸਥਾਵਾਂ ਵਿੱਚੋਂ ਇਕ ਹੈ ਜਿੱਥੇ ਵਿਦਿਆਰਥੀਆਂ ਨੂੰ ਜਿਨਸੀ ਉਤਪੀੜਨ ਦੇ ਸਬੰਧ ਵਿੱਚ ਕੋਈ ਵੀ ਸਮਸਿਆ ਆਉਂਦੀ ਹੈ ਤਾਂ ਇਸ ਸਬੰਧੀ ਇਕ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਹੋਈ ਹੈ। ਜੇਕਰ ਕੋਈ ਵਿਦਿਆਰਥੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਇਹ ਇਕ ਅਪਰਾਧਿਕ ਮਾਮਲਾ ਹੈ। ਪੀੜਤ ਵਿਦਿਆਰਥੀ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦਾ ਹੈ।

ਡਾ ਸੱਤਿਆ ਰਾਣੀ: 94179 19419

## ਨਸ਼ਾ ਮੁਕਤ ਸੰਸਥਾ

ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ ਨੌਜਵਾਨਾਂ ਨੂੰ ਭਵਿੱਖ ਮੁਖੀ ਯੋਜਨਾਵਾਂ ਤਹਿਤ ਸਮਾਜਿਕ ਬੁਰਾਈਆਂ ਜਿਵੇਂ ਕਿ ਨਸ਼ਾ ਖੋਰੀ, ਸਿਗਰਟ ਨੋਸ਼ੀ, ਮੈਡੀਕਲ ਨਸ਼ੇ ਨਾ ਕਰਨ ਲਈ ਸਮੇਂ ਸਮੇਂ ਤੇ ਸੈਮੀਨਾਰ, ਪ੍ਰਸਾਰ ਭਾਸ਼ਣ, ਨਾਟਕ ਅਤੇ ਹੋਰ ਸਮਗਰੀ ਰਾਂਹੀ ਸੁਚੇਤ ਕਰਦਾ ਹੈ।

ਮੂਲ ਰੂਪ ਵਿੱਚ ਇਹ ਸੰਸਥਾ ਨਸ਼ਾ ਮੁਕਤ ਸੰਸਥਾ ਹੈ। ਜੇਕਰ ਕੋਈ ਵਿਅਕਤੀ ਜਾਂ ਵਿਦਿਆਰਥੀ ਇਸ ਸੰਸਥਾ ਵਿੱਚ ਅਜਿਹਾ ਕਰਦਾ ਪਾਇਆ ਜਾਂਦਾ ਹੇ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀਮਤੀ ਅਨਾਮਿਕਾ 98158 88165

# ਕਾਲਜ ਦੀਆਂ ਗਤੀਵਿਧੀਆਂ- ਇੱਕ ਝਾਤ






















ORGANIZES




WELCOME
Book
FAIR




S.C.D. GOVT. COLLEGE
LUDHIANA




ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ, ਲੁਧਿਆਣਾ
104ਵਾਂ ਸਲਾਨਾ ਖੇਡ ਸਮਾਰੋਹ
ਮਿਤੀ 06 - 07 ਮਾਰਚ ਦਿਨ ਬੁੱਧਵਾਰ ਅਤੇ ਵੀਰਵਾਰ
ਸਥਾਨ : ਕਾਲਜ ਸਟੇਡੀਅਮ










Satish Chander Dhawan
# GOVERNMENT COLLEGE
LUDHIANA

0161-2448899
www.scdgovtcollege.in
scdgovtcollege@gmail.com
@scdgovtcollege